ੴ

ਸਰਬੱਤ ਖ਼ਾਲਸਾ Sarbat Khalsa

## ਸਰਬੱਤ ਖ਼ਾਲਸਾ ਜਥੇਬੰਦੀ ਦਾ ਸੰਕਲਪ:

**ਸਰਬੱਤ ਖਾਲਸਾ ਜਥੇਬੰਦੀ ਗੁਰਮਤਿ ਦੇ ਚਾਨਣ ਵਿੱਚ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਇੱਕ ਖੁਦਮੁਖਤਿਆਰ ਸੰਸਥਾ ਹੈ, ਜੋ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾ, ਪੂਰਨ ਪਾਰਦਰਸ਼ਤਾ ਨਾਲ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ।**

## ਸਰਬੱਤ ਖ਼ਾਲਸਾ ਜਥੇਬੰਦੀ ਦਾ ਉਦੇਸ਼:

**ਗੁਰਮਤਿ ਦੁਆਰਾ ਬਖਸ਼ੀ ਸਰਬਪੱਖੀ ਜੀਵਨ-ਜੁਗਤ ਨੂੰ ਦ੍ਰਿੜ੍ਹ ਕਰਨ ਤੇ ਕਰਾਉਣ ਲਈ ਸਦਾ ਸਰਗਰਮ ਰਹਿਣਾ। ਸਿੱਖਾਂ ਨੂੰ ਦਰਪੇਸ਼ ਹਰ ਖੇਤਰ ਦੀਆਂ ਸਮੱਸਿਆਵਾਂ ਦਾ ਸੰਸਾਰ ਪੱਧਰੀ ਹੱਲ ਲੱਭਣ ਲਈ ਕਾਰਜਸ਼ੀਲ ਰਹਿਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ, ਸਿੱਖਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਹਮੇਸ਼ਾਂ ਸਮਰਪਿਤ ਰਹਿਣਾ।**

**https://sarbatkhalsa.world**

# ਸਰਬੱਤ ਖ਼ਾਲਸਾ ਦਾ ਸੰਕਲਪ

ਰਾਜਸੀ ਦਖਲਅੰਦਾਜ਼ੀ ਕਾਰਨ ਸਿੱਖ ਸੰਸਥਾਵਾਂ ਵਿੱਚ ਆਏ ਨਿਘਾਰ ਤੋਂ ਹਰ ਸੰਜੀਦਾ ਸਿੱਖ ਚਿੰਤਤ ਹੈ। ਹਾਲੀਆ ਸਮੇਂ ਵਿੱਚ ਜੋ ਵੀ ਉਪਰਾਲੇ ਹੋਏ ਹਨ, ਇਹ ਸਭ ਬੁਨਿਆਦੀ ਤੌਰ ਤੇ ਸਿੱਖ ਜਗਤ ਦੇ ਜਥੇਬੰਦਕ ਕੇਂਦਰ ਅਤੇ ਇਤਿਹਾਸਕ ਸਥਾਨ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਦੀ ਅਜ਼ਾਦੀ ਨੂੰ ਮੁੱਖ ਰੱਖਕੇ ਕੀਤੇ ਯਤਨ ਹਨ। ਇਸ ਬਿਰਤਾਂਤ ਨਾਲ ਇਹ ਧਾਰਨਾ ਬੱਝਦੀ ਹੈ ਕਿ ਜਿਸਦੇ ਕਬਜ਼ੇ ਵਿਚ ਅਕਾਲ ਤਖ਼ਤ ਦਾ ਜਥੇਬੰਦਕ ਇਤਿਹਾਸਕ ਸਥਾਨ ਹੈ, ਪੰਥ ਦੀ ਵਾਗਡੋਰ ਉਸੇ ਦੇ ਹੱਥ ਵਿੱਚ ਹੈ। ਇਹ ਸੋਚ ਪੰਥ ਵਿਰੋਧੀ ਸ਼ਕਤੀਆਂ ਦੇ ਹੱਕ ਵਿੱਚ ਜਾਂਦੀ ਹੈ, ਕਿਉਂਕਿ ਸੱਤਾਧਾਰੀ ਧਿਰ ਲਈ ਕਿਸੇ 'ਸਥਾਨ' ਤੇ ਕਾਬਜ਼ ਹੋਣਾ ਹਮੇਸ਼ਾ ਹੀ ਸੌਖਾ ਹੁੰਦਾ ਹੈ। ਇਹ ਬਿਰਤਾਂਤ ਪੁਜਾਰੀ ਅਤੇ ਸਿਆਸਤਦਾਨ ਦੇ ਨਾਪਾਕ ਗਠਜੋੜ ਦੇ ਹੱਕ ਵਿੱਚ ਜਾਂਦਾ ਹੈ। ਜ਼ਰੂਰਤ ਇਸ ਬਿਰਤਾਂਤ ਤੋਂ ਮੁਕਤ ਹੋਣ ਦੀ ਹੈ। ਜ਼ਰੂਰਤ ਹੈ ਗੁਰੂ ਸਾਹਿਬਾਨ ਵੱਲੋਂ ਪਾਏ ਪੂਰਨਿਆਂ ਅਨੁਸਾਰ ਇਹ ਧਾਰਨਾ ਮੁੜ ਸੁਰਜੀਤ ਕਰਨ ਦੀ ਕਿ ਇਤਿਹਾਸਕ ਜਾਂ ਧਾਰਮਕ ਅਸਥਾਨਾਂ ਉੱਤੇ ਕਾਬਜ਼ ਹੋਣ ਨਾਲ ਅਕਾਲ ਤਖ਼ਤ ਨੂੰ ਕੋਈ ਆਪਣੇ ਅਧੀਨ ਨਹੀਂ ਕਰ ਸਕਦਾ, ਕਿਉਂਕੀ ਮੀਰੀ-ਪੀਰੀ ਦਾ ਗੁਰਮਤੀ 'ਸਿਧਾਂਤ,' ਗੁਰੂ ਵਾਂਗ ਕਿਸੇ ਧਿਰ ਦਾ ਗ਼ੁਲਾਮ ਨਹੀਂ। ਗੁਰੂ ਸਾਹਿਬਾਨ ਦੇ ਸਤਾਰ੍ਹਵੀਂ ਸਦੀ ਦੇ ਲਾਸਾਨੀ ਇਤਿਹਾਸ ਦੇ ਬਾਵਜੂਦ ਅਸੀਂ ਕਿਉਂ ਇਸ ਨੂੰ ਸਮਝ ਨਹੀਂ ਪਾ ਰਹੇ?

ਅਠਾਰ੍ਹਵੀਂ ਸਦੀ ਵੇਲੇ ਸੰਘਰਸ਼ੀ ਸਿੱਖਾਂ ਦਾ ਧਾਰਮਕ ਸਥਾਨਾਂ ਦੀ ਸੁਰੱਖਿਆ ਦਾ ਮੁੱਖ ਬਿੰਦੂ, ਮੁਗਲ-ਅਫ਼ਗਾਨ ਹਮਲਿਆਂ ਦੇ ਪ੍ਰਤੀਕਰਮ ਵਿੱਚੋਂ ਨਿਕਲਿਆ ਸੀ। ਅਜੋਕਾ ਸਮਾਂ ਗੁਰੂ ਸਾਹਿਬਾਨ ਦੇ ਇਤਿਹਾਸ ਤੋਂ ਸੇਧ ਲੈਣ ਦੀ ਮੰਗ ਕਰਦਾ ਹੈ। ਸਤਾਰ੍ਹਵੀਂ ਸਦੀ ਵਿੱਚ ਗੁਰੂ ਸਾਹਿਬਾਨ ਵੱਲੋਂ ਗੁਰਮਤਿ ਸਿਧਾਂਤਾਂ ਨੂੰ ਸੰਸਥਾਪਕ ਰੂਪ ਦੇਕੇ ਸਿੱਖ ਸਮਾਜ ਨੂੰ ਪੁਜਾਰੀਵਾਦ ਦੇ ਗ਼ਲਬੇ ਤੋਂ ਮੁਕਤ ਕਰਵਾਉਣਾ ਮੁੱਖ ਬਿੰਦੂ ਰਿਹਾ ਹੈ। ਪੁਜਾਰੀ ਦਾ ਸਮਾਜ ਤੇ ਕਬਜ਼ਾ ਹਮੇਸ਼ਾ ਉਜਾੜੇ ਦਾ ਕਾਰਨ ਬਣਦਾ ਹੈ:

*ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (ਮਹਲਾ ੧, ਪੰਨਾ ੬੬੨)*

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੱਲੋਂ ਅਕਾਲ ਬੁੰਗੇ (ਅਕਾਲ ਤਖ਼ਤ) ਦੇ ਨਿਰਮਾਣ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਰੂਪਮਾਨ ਕੀਤਾ ਸੀ। ਪਰ ਜਲਦ ਹੀ ਛੇਵੇਂ ਪਾਤਸ਼ਾਹ ਨੇ ਸਿੱਖੀ ਦਾ ਕੇਂਦਰ, ਕੀਰਤਪੁਰ ਸਥਾਪਤ ਕਰ ਦਿੱਤਾ। ਛੇਵੇਂ ਪਾਤਸ਼ਾਹ ਤੋਂ ਬਾਅਦ ਕੋਈ ਵੀ ਗੁਰੂ ਸਾਹਿਬਾਨ ਅਕਾਲ ਬੁੰਗੇ ਨਹੀਂ ਗਏ। ਇਸ ਉੱਪਰ ਸਰਕਾਰੀ ਧਿਰ ਦੀ ਮੱਦਦ ਨਾਲ ਪੁਜਾਰੀਆਂ ਦਾ ਕਬਜ਼ਾ ਗੁਰੂ ਕਾਲ ਵਿੱਚ ਹੀ ਹੋ ਗਿਆ ਸੀ। ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅੰਮ੍ਰਿਤਸਰ ਪਹੁੰਚੇ, ਤਾਂ ਪੁਜਾਰੀਆਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ। ਗੁਰੂ ਸਾਹਿਬ ਕਾਫ਼ੀ ਚਿਰ ਦਰਵਾਜ਼ੇ ਖੁੱਲ੍ਹਣ ਦੀ ਉਡੀਕ ਕਰਨ ਉਪਰੰਤ, ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਬਗੈਰ ਉਥੋਂ ਪਰਤ ਆਏ। ਉਹਨਾ ਦੇ ਨਾਲ ਸ਼ਸਤਰਧਾਰੀ ਸਿੱਖ ਸਨ, ਪਰ ਉਹਨਾ ਸਿੱਖਾਂ ਨੂੰ ਟਕਰਾਅ ਜਾਂ ਜ਼ੋਰ ਨਾਲ ਕਾਬਜ਼ ਹੋਣ ਤੋਂ ਮਨ੍ਹਾ ਕਰ ਦਿੱਤਾ। ਜ਼ੋਰ ਨਾਲ ਆਰਜ਼ੀ ਤੌਰ ਤੇ ਕਾਬਜ਼ ਤਾਂ ਹੋਇਆ ਜਾ ਸਕਦਾ ਸੀ ਪਰ ਇਹ ਦੁਸ਼ਮਨ ਦੇ ਹੱਕ ਵਿੱਚ ਜਾਣਾ ਸੀ। ਕਿਉਂਕਿ ਇਸ ਨਾਲ ਪ੍ਰਭਾਵ ਇਹ ਹੀ ਜਾਣਾ ਸੀ ਕਿ ਗੁਰੂ ਵਾਸਤੇ ਕਿਸੇ ਖਾਸ ਇਤਿਹਾਸਕ ਸਥਾਨ ਤੇ ਕਾਬਜ਼ ਹੋਣਾ ਬਹੁਤ ਜ਼ਰੂਰੀ ਹੈ। ਪ੍ਰਿਥੀ ਚੰਦ ਦੀ ਔਲਾਦ ਵੀ ਸੰਗਤ ਵਿੱਚ ਇਹੀ ਪ੍ਰਭਾਵ ਪਾਉਣਾ ਚਾਹੁੰਦੀ ਸੀ, ਕਿ ਕਿਉਂਕਿ ਦਰਬਾਰ ਸਾਹਿਬ ਅਤੇ ਅਕਾਲ ਬੁੰਗੇ ਦਾ ਕਬਜ਼ਾ ਉਹਨਾ ਕੋਲ਼ ਹੈ, ਇਸ ਲਈ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਉਹ ਹਨ। ਅੱਜ ਦੇ ਕਾਬਜ਼ ਹਾਕਮ ਵੀ ਤਾਂ ਇਹੀ ਦੱਸਣਾ ਚਾਹੁੰਦੇ ਹਨ। ਪਰ ਗੁਰੂਆਂ ਨੇ ਸਿਧਾਂਤ ਦੀ ਸਥਿਰਤਾ ਨੂੰ ਮੁੱਖ ਰੱਖਿਆ।

ਪੰਜ ਪਿਆਰਿਆਂ ਦੇ ਰੂਪ ਵਿੱਚ ਜਿਥੇ ਉਨ੍ਹਾਂ ਮਸੰਦਾਂ, ਜੋ ਪੁਜਾਰੀ ਬਣ ਚੁੱਕੇ ਸਨ, ਨੂੰ ਸੰਸਥਾਪਕ ਢੰਗ ਨਾਲ ਕੱਢ ਦਿੱਤਾ ਉਥੇ ਹੀ ਸਿਧਾਂਤ ਦੀ ਕਾਇਮੀ ਲਈ ਕਿਸੇ ਸਥਾਨ ਦੀ ਜ਼ਰੂਰਤ ਨੂੰ ਖਤਮ ਕਰ ਦਿੱਤਾ। ਸ੍ਰੀ ਗਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਅਨੰਦਪੁਰ ਦੀ ਧਰਤੀ ਦੇ ਪ੍ਰਗਟ ਕੀਤਾ, ਅਕਾਲ ਬੁੰਗੇ ਨਹੀਂ। ਆਦਿ ਗ੍ਰੰਥ ਜੀ ਦੀ ਸੰਪੂਰਨਤਾ ਦਮਦਮਾ ਸਾਹਿਬ ਵਿੱਚ ਹੋਈ। ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਕੇ ਦੇਹਧਾਰੀ ਗੁਰੂ-ਪਰੰਪਰਾ ਦਾ ਅੰਤ ਨੰਦੇੜ ਵਿੱਖੇ ਹੋਇਆ।

ਇਹ ਨਹੀਂ ਭੁਲਣਾ ਚਾਹੀਦਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਥੋੜ੍ਹੇ ਸਮੇਂ ਵਿੱਚ ਹੀ ਖਾਲਸੇ ਨੇ ਬੇਮਿਸਾਲ ਜਿੱਤਾਂ ਹਾਸਲ ਕੀਤੀਆਂ ਸਨ, ਜ਼ਾਲਮਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਪਹਿਲਾ ਖਾਲਸਾ ਰਾਜ ਸਥਾਪਤ ਕੀਤਾ। ਇਸ ਸਮੇਂ ਦੌਰਾਨ ਵੀ ਅਕਾਲ ਬੁੰਗਾ ਪੁਜਾਰੀਆਂ ਦੇ ਅਧੀਨ ਹੀ ਰਿਹਾ। ਬਾਬਾ ਜੀ ਇੱਕ ਵਾਰ ਵੀ ਅਕਾਲ ਬੁੰਗੇ ਨਹੀਂ ਗਏ।

ਜੇਕਰ ਸਤਵੇਂ, ਅਠਵੇਂ, ਨੌਵੇਂ ਅਤੇ ਦਸਵੇਂ ਪਾਤਸ਼ਾਹ ਅਤੇ ਫ਼ਿਰ ਬਾਬਾ ਬੰਦਾ ਸਿੰਘ ਬਹਾਦਰ ਵਿੱਚੋਂ ਕੋਈ ਵੀ ਅਕਾਲ ਬੁੰਗੇ ਨਹੀਂ ਗਿਆ, ਤਾਂ ਕੀ ਇਸ ਲੰਮੇ ਸਮੇਂ ਦੌਰਾਨ ਸਿੱਖ-ਸੰਗਤ ਮੀਰੀ-ਪੀਰੀ ਨੂੰ ਸਮਰਪਿਤ ਨਹੀਂ ਰਹੀ? ਯਕੀਨਨ ਜਵਾਬ ਹੋਵੇਗਾ- ਸਿੱਖ ਸੰਗਤ ਹਮੇਸ਼ਾ ਹੀ ਮੀਰੀ-ਪੀਰੀ ਨੂੰ ਸਮਰਪਿਤ ਰਹੀ, ਕਿਉਂਕੀ 'ਸਥਾਨ' ਚਾਹੇ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਰਿਹਾ ਹੋਵੇ ਪਰ ਮੀਰੀ-ਪੀਰੀ ਦਾ 'ਸਿਧਾਂਤ' ਪੰਥ ਦੀ ਹਮੇਸ਼ਾਂ ਅਗਵਾਈ ਕਰਦਾ ਰਿਹਾ ਸੀ। ਇਸ ਨੁਕਤੇ ਨੂੰ ਅਗਰ ਅਸੀਂ ਸਮਝ ਜਾਈਏ ਤਾਂ ਅਜੋਕੇ ਸਮੇਂ ਵਿੱਚੋਂ ਨਿਕਲਣ ਦਾ ਰਾਹ ਮਿਲ ਸਕਦਾ ਹੈ। ਇਸ ਦੇ ਵਿਪਰੀਤ ਅਗਰ ਅਸੀਂ ਆਪਣਾ ਟੀਚਾ ਸਿਰਫ਼ ਅਕਾਲ ਤੱਖਤ ਦੇ ਇਤਿਹਾਸਕ ਸਥਾਨ ਦੀ 'ਸੇਵਾ ਸੰਭਾਲ' ਤਕ ਸੀਮਤ ਰੱਖਿਆ ਹੈ ਤਾਂ ਇਹ ਸਿਧਾਂਤਕ ਕਮਜ਼ੋਰੀ ਨਾ ਸਿਰਫ਼ ਸਿੱਖ ਊਰਜਾ ਨੂੰ ਦਿਸ਼ਾਹੀਣ ਕਰੇਗੀ ਬਲਕਿ ਇਹ ਪੁਜਾਰੀ-ਸਿਆਸਤਦਾਨ ਗੱਠਜੋੜ ਦੇ ਹੱਕ ਵਿੱਚ ਵੀ ਭੁਗਤੇਗੀ।

ਜਿਵੇਂ ਖੰਡੇ-ਬਾਟੇ ਦੀ ਪਾਹੁਲ ਦੀ ਸ਼ੁਰੂਆਤ ਚਾਹੇ ਅਨੰਦਪੁਰ ਤੋਂ ਹੋਈ ਪਰ ਇਸ ਦੀ ਦਾਤ ਲੈਣ ਲਈ ਅਨੰਦਪੁਰ ਵਿੱਚ ਹੋਣਾ ਲਾਜ਼ਮੀ ਨਹੀਂ, ਪੰਜ ਪਿਆਰਿਆਂ ਦਾ ਹੋਣਾ ਲਾਜ਼ਮੀ ਹੈ। ਇਸੇ ਤਰਾਂ ਗੁਰੂ ਸਾਹਿਬ ਨੇ ਅਕਾਲ ਬੁੰਗੇ ਤੋਂ ਮੀਰੀ-ਪੀਰੀ ਦਾ ਸਿਧਾਂਤ ਰੂਪਮਾਨ ਕੀਤਾ, ਪਰ ਮੀਰੀ-ਪੀਰੀ ਦੇ ਸਿਧਾਂਤ ਦੀ ਨਿਰੰਤਰਤਾ ਲਈ ਅਕਾਲ ਬੁੰਗੇ (ਅਕਾਲ ਤਖ਼ਤ) ਦੇ ਨਿਯੰਤਰਣ ਨੂੰ ਲਾਜ਼ਮੀ ਨਹੀਂ ਰੱਖਿਆ। ਇਹ ਅਤਿ ਜ਼ਰੂਰੀ ਨੁਕਤਾ ਹੈ ਜਿਸਨੂੰ ਅਮਲ ਵਿੱਚ ਲਿਆਏ ਬਗੈਰ, ਸਿੱਖ ਧਾਰਮਕ ਖੁਦ-ਮੁਖਤਿਆਰੀ ਹਾਸਲ ਨਹੀਂ ਕਰ ਪਾਉਣਗੇ।

ਇਸ ਸਮੇਂ ਹਰ ਸਿੱਖ ਕਾਰਕੁੰਨ ਦੇ ਚਿੰਤਨ, ਸਰਗਰਮੀ ਅਤੇ ਸੰਘਰਸ਼ ਦਾ ਮੁੱਖ ਉਦੇਸ਼, ਸਿੱਖ ਸੰਸਥਾਂਵਾਂ ਨੂੰ ਰਾਜਸੀ ਗਲਬੇ ਤੋਂ ਆਜ਼ਾਦ ਕਰਵਾਉਣਾ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਧੀਨ, ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਸਰਬੱਤ ਖਾਲਸਾ ਜਥੇਬੰਦੀ ਸੁਰਜੀਤ ਕਰਨ ਦੀ। ਸਰਬੱਤ ਖਾਲਸਾ ਜਥੇਬੰਦੀ ਉਸੇ ਨੂੰ ਕਿਹਾ ਜਾ ਸਕਦਾ ਹੈ ਜੋ ਖੁਦਮੁਖਤਿਆਰ ਹੋਵੇ, ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰੇ, ਅਤੇ ਕਿਸੇ ਦੇਸ਼-ਅਸਥਾਨ ਨਾਲ ਬੱਝੀ ਨਾ ਹੋਵੇ ਤਾਂਕਿ ਰਾਜਸੀ-ਪੁਜਾਰੀ ਗਠਜੋੜ ਇਸ ਸੰਸਥਾ ਤੇ ਕਾਬਜ਼ ਨਾ ਹੋ ਸਕੇ। ਸਰਬੱਤ ਖਾਲਸਾ ਦੀ ਇਹ ਜਥੇਬੰਦੀ ਸਿੱਖ ਜਗਤ ਨੂੰ ਵੱਖ-ਵੱਖ ਮਸਲਿਆਂ ਤੇ ਯੋਗ ਅਗਵਾਈ ਦੇਣ ਦੇ ਕਾਬਲ ਹੋਵੇ, ਆਉਣ ਵਾਲੀ ਰਾਜਸੀ-ਆਜ਼ਾਦੀ ਨੂੰ ਸੰਭਾਲੇ, ਅਤੇ ਧਾਰਮਕ ਅਸਥਾਨਾ ਦੀ ਸੇਵਾ-ਸੰਭਾਲ ਗੁਰਮਤਿ ਆਸ਼ੇ ਅਨੁਸਾਰ ਕਰਨ ਦੇ ਕਾਬਲ ਹੋਵੇ।

ਸਰਬੱਤ ਖਾਲਸਾ ਦੀ ਸਫ਼ਲਤਾ, ਹੇਠ ਲਿੱਖੇ ਚਾਰ ਥੰਮ੍ਹਾਂ ਦੇ ਅਧਾਰ ਤੇ ਯਕੀਨੀ ਬਣਾਈ ਜਾ ਸਕਦੀ ਹੈ:

੧) ਸਿਧਾਂਤ: ਸਰਬੱਤ ਖਾਲਸਾ ਜਥੇਬੰਦੀ, ਵੱਧ ਤੋਂ ਵੱਧ ਸਿਧਾਂਤਕ ਸਾਂਝ ਦੇ ਅਧੀਨ ਇਕੱਠੇ ਹੋਏ ਸਿੱਖਾਂ ਦਾ ਸਾਂਝਾ ਮੰਚ ਹੋਵੇ।

੨) ਨੁਮਾਇੰਦਗੀ: ਸਰਬੱਤ ਖਾਲਸਾ ਜਥੇਬੰਦੀ, ਸਾਰੀ ਦੁਨੀਆਂ ਵਿੱਚ ਵੱਸਦੀ ਸਿੱਖ ਸੰਗਤ ਦੀ ਨੁਮਾਇੰਦਗੀ ਕਰਦੀ ਹੋਵੇ।

੩) ਪਾਰਦਰਸ਼ਤਾ: ਸਰਬੱਤ ਖਾਲਸਾ ਜਥੇਬੰਦੀ ਦਾ ਵਿਧੀ-ਵਿਧਾਨ, ਸਮੁੱਚੀ ਸਿੱਖ ਸੰਗਤ ਲਈ ਪਾਰਦਰਸ਼ੀ ਹੋਵੇ।

੪) ਨਿਰੰਤਰ ਸੁਧਾਰ: ਉਪਰ ਲਿੱਖੇ ਤਿੰਨ ਨੁਕਤਿਆਂ ਦੀ ਮਜ਼ਬੂਤੀ ਲਈ ਸਵੈ-ਪੜਚੋਲ ਅਤੇ ਨਿਰੰਤਰ ਸੁਧਾਰ, ਸਰਬੱਤ ਖਾਲਸਾ ਜਥੇਬੰਦੀ ਦੇ ਵਿਧੀ-ਵਿਧਾਨ ਦਾ ਹਿੱਸਾ ਹੋਵੇ।

ਇਹਨਾ ਮਿਆਰਾਂ ਰਾਹੀਂ ਪ੍ਰਗਟ ਹੋਈ ਸਰਬੱਤ ਖਾਲਸਾ ਜਥੇਬੰਦੀ ਦੇ ਨੁਮਾਇੰਦਿਆਂ ਵਿੱਚੋਂ ਪੰਜ ਪਿਆਰੇ ਥਾਪੇ ਜਾਣ। ਇਹ ਪੰਜ ਪਿਆਰੇ ਚਾਹੇ ਦੁਨੀਆਂ ਦੇ ਵੱਖ-ਵੱਖ ਦੇਸ਼-ਪ੍ਰਦੇਸ਼ ਵਿੱਚ ਰਹਿਣ, ਇਹ ਹੀ ਸਰਬੱਤ ਖਾਲਸਾ ਦੇ ਪੰਜ ਪਿਆਰੇ ਹੋਣਗੇ। ਪੰਜੇ ਪਿਆਰੇ ਬਰਾਬਰ ਹਨ, ਕਿਸੇ ਇੱਕ ਨੂੰ 'ਅਕਾਲ ਤੱਖਤ ਦਾ ਜਥੇਦਾਰ' ਨਿਯੁਕਤ ਕੀਤਾ ਜਾਣਾ ਪੰਜ ਪਿਆਰਿਆਂ ਦੀ ਸੰਸਥਾ ਨੂੰ ਬੇਅਰਥ ਬਣਾ ਦਿੰਦਾ ਹੈ ਅਤੇ ਗੁਰੂ ਦੀ ਬਰਾਬਰੀ ਕਰਨ ਤੁਲ ਹੋ ਜਾਂਦਾ ਹੈ। ਹਾਂ, ਕਿਸੇ ਖਾਸ ਕਾਰਜ ਵਾਸਤੇ ਕਿਸੇ ਇੱਕ ਨੂੰ ਪੰਜ ਪਿਆਰਿਆਂ ਵੱਲੋਂ ਜਥੇਦਾਰ ਜਾਂ ਚੇਅਰਪਰਸਨ ਨੀਯਤ ਕੀਤਾ ਜਾ ਸਕਦਾ ਹੈ। ਇਸੇ ਤਰਾਂ ਵੱਖ-ਵੱਖ ਕਾਰਜ ਅਤੇ ਪ੍ਰਾਜੈਕਟਾਂ ਦੀ ਜ਼ਿੰਮੇਵਾਰੀ ਵਾਸਤੇ ਜਥੇਦਾਰ ਹੋ ਸਕਦੇ ਹਨ ਜੋ ਪੰਜ ਪਿਆਰਿਆਂ ਨਾਲ ਆਪਣੀ ਕਮੇਟੀ ਵੱਲੋਂ ਸੰਚਾਰ ਕਰਨ।

ਪੰਜ ਪਿਆਰਿਆਂ ਦਾ ਕਾਰਜ ਖੇਤਰ, ਪੰਥਕ ਮਸਲਿਆਂ ਤੇ ਸਹਿਮਤੀ ਬਣਾਉਣ ਲਈ ਸਹਾਇਕ ਵਜੋਂ ਨਿਰਧਾਰਤ ਹੋਵੇਗਾ। ਆਮ ਸਹਿਮਤੀ ਲਈ ਪੰਜ ਪਿਆਰੇ ਸਰਬੱਤ ਖਾਲਸਾ ਦੇ ਨੁਮਾਇੰਦਿਆਂ ਵਿੱਚੋਂ ਹੀ ਵਿਸ਼ਾ ਮਾਹਰਾਂ ਦੀ ਕਮੇਟੀ ਬਣਾਉਣ ਅਤੇ ਇਸ ਕਮੇਟੀ ਦੀ ਸਲਾਹ ਨਾਲ ਸੰਗਤ ਨੂੰ ਪੰਥਕ-ਮਤਾ ਸੁਣਾਉਣ। ਹੁਕਮਨਾਮੇ ਜਾਂ ਫ਼ਤਵੇ ਸੁਣਾਉਣ ਦਾ ਅਧਿਕਾਰ ਕਿਸੇ ਕੋਲ ਨਹੀਂ ਹੋਣਾ ਚਾਹੀਦਾ।

('ਗੁਰਮੱਤਾ' ਦਾ ਅਰਥ ਗੁਰਮਤਿ ਜਾਂ ਗੁਰੂ ਦੀ ਮਤਿ ਹੈ ਜੋ ਗੁਰਬਾਣੀ ਵਿੱਚ ਹੈ। 'ਹੁਕਮਨਾਮਾ' ਜਾਂ 'ਗੁਰਮੱਤਾ' ਗੁਰੂ ਲਈ ਰਾਖਵਾਂ ਹੈ, ਕੋਈ ਬਰਾਬਰੀ ਨਹੀਂ ਕਰ ਸਕਦਾ। ਗੁਰਮਤਿ ਦੀ ਰੌਸ਼ਨੀ ਵਿੱਚ ਬਣੀ ਸਿੱਖਾਂ ਦੀ ਆਮ ਰਾਇ ਜਾਂ ਮਤੇ ਨੂੰ ਪੰਥਕ-ਮਤਾ ਕਿਹਾ ਜਾ ਸਕਦਾ ਹੈ।)

ਉਪਰ ਲਿੱਖੇ ਚਾਰ ਥੰਮਾ, ਜੋ ਸਰਬੱਤ ਖਾਲਸਾ ਜਥੇਬੰਦੀ ਨੂੰ ਸਰਗਰਮ ਜਥੇਬੰਦੀ ਬਣਾਉਣ ਵਿੱਚ ਸਹਾਈ ਹੋਣਗੇ, ਦਾ ਵਿਸਥਾਰ ਅਤੇ ਰੂਪ ਰੇਖਾ ਹੇਠ ਲਿਖੇ ਅਨੁਸਾਰ ਹੈ:

## **੧. ਸਿਧਾਂਤ:**

ਸਾਨੂੰ ਇਹ ਮੰਨ ਕੇ ਚੱਲਣਾ ਪੈਣਾ ਹੈ ਕਿ ਬਹੁਤ ਸਾਰੇ ਮਸਲਿਆਂ ਸੰਬੰਧੀ ਸਿੱਖ ਸਮਾਜ ਵਿੱਚ ਵੱਡੇ ਮਤਭੇਦ ਹਨ। ਰਾਗਮਾਲ਼ਾ, ਦਸਮ ਗ੍ਰੰਥ, ਰਹਿਤ ਮਰਿਯਾਦਾ, ਮਾਸ, ਨਾਨਕਸ਼ਾਹੀ ਕੈਲੰਡਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਵਰਗੇ ਕੁਛ ਅਹਿਮ ਮਸਲੇ ਹਨ। ਇਹਨਾ ਮਤਭੇਦਾਂ ਦੇ ਇੱਕ ਪੱਖ ਵਿੱਚ ਜਿੰਨੇ ਸਿੱਖ ਹਨ, ਉਤਨੇ ਹੀ ਉਸਦੇ ਦੂਜੇ ਪੱਖ ਵੱਲ ਵੀ ਹਨ। ਪੰਥ ਵਿੱਚ ਫੁੱਟ ਦਾ ਕਾਰਨ ਮਤਭੇਦ ਨਹੀਂ, ਬਲਕਿ ਹੰਕਾਰ ਵੱਸ ਇੱਕ ਦੂਜੇ ਦੇ ਮੱਤ ਨੂੰ ਨਾ ਸਹਾਰ ਪਾਉਣਾ ਅਤੇ ਪੁਜਾਰੀ ਵੱਲੋਂ ਪਾਇਆ ਉਜਾੜਾ (ਭਰਮ) ਕਾਰਨ ਹੈ। ਕਿਸੇ ਸਿੱਖ ਨੂੰ ਇਨ੍ਹਾਂ ਮਤਭੇਦਾਂ ਕਾਰਨ ਦੂਸਰੇ ਸਿੱਖ ਦੇ ਗੁਰੂ ਪ੍ਰਤੀ ਨਿਸ਼ਚੇ ਉੱਤੇ ਸਵਾਲ ਕਰਨ ਦਾ ਹੱਕ ਨਹੀਂ। ਵੱਖ-ਵੱਖ ਜਥੇਬੰਦੀਆਂ ਨਾਲ ਜੁੜੀ ਸੰਗਤ, ਜਦ ਵੱਖ-ਵੱਖ ਵਿਦਵਾਨਾ ਨੂੰ ਸਾਂਝੀ ਸਟੇਜ ਤੋਂ ਸਮਝਦਾਰੀ ਭਰੇ ਮਾਹੌਲ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਦੇਖੇਗੀ ਤਾਂ ਪੰਥ ਵਿਚ ਆਪਸੀ ਵਿਸ਼ਵਾਸ/ਪਿਆਰ ਆਪ ਮੁਹਾਰੇ ਵਧੇਗਾ ਅਤੇ ਮਸਲਿਆਂ ਤੇ ਵਧੇਰੀ ਸਹਿਮਤੀ ਬਣਨ ਦੇ ਵੀ ਅਵਸਰ ਬਣਨਗੇ। ਆਪਣੇ ਧੜੇ ਤੋਂ ਉੱਪਰ ਨਾ ਉੱਠਦੇ ਹੋਏ ਸੰਵਾਦ ਦਾ ਮਾਹੌਲ ਵਿਗਾੜਕੇ ਅਸੀਂ ਪੰਥ ਵਿਰੋਧੀ ਭੂਮਿਕਾ 'ਚ ਆ ਜਾਂਦੇ ਹਾਂ।

*ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥*
*ਹਮਾਰਾ ਧੜਾ ਹਰਿ ਰਹਿਆ ਸਮਾਈ ॥ (ਮਹਲਾ ੪, ਪੰਨਾ ੩੬੬)*

ਸਰਬੱਤ ਖਾਲਸਾ ਵੱਖ-ਵੱਖ ਵਿਚਾਰ ਰੱਖਣ ਵਾਲਿਆਂ ਲਈ ਸਾਂਝਾ ਮੰਚ ਹੋਣਾ ਚਾਹੀਦਾ ਹੈ। ਸਾਨੂੰ ਉੱਥੇ ਵੱਧ ਤੋਂ ਵੱਧ ਵਿਚਾਰਧਾਰਕ ਸਾਂਝ ਤੇ ਸਹਿਮਤੀ ਬਣਾਉਣੀ ਪਵੇਗੀ ਜੋ ਬਿਨਾ ਕਿਸੇ ਸਿਧਾਂਤਕ ਸਮਝੌਤੇ ਦੇ ਸਿੱਖ ਪੰਥ ਦੀ ਨੁਮਾਇੰਦਗੀ ਕਰੇ। ਇਹ ਸਾਂਝ ਹੇਠ ਲਿਖੇ ਨੁਕਤਿਆਂ ਤੇ ਬਣ ਸਕਦੀ ਹੈ:

*i. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਪੂਰੇ ਗੁਰੂ ਹਨ:*

ਸਿੱਖ ਸਮਾਜ ਵਿੱਚ ਰਾਗਮਾਲ਼ਾ ਜਾਂ ਦਸਮ ਗ੍ਰੰਥ ਤੇ ਮਤਭੇਦ ਹੋ ਸਕਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਤੇ ਤਾਂ ਸਾਰਿਆਂ ਦੀ ਪੂਰਨ ਸਹਿਮਤੀ ਹੈ। ਇਸ ਕਾਰਣ ਇਹਦੇ ਤੋਂ ਘੱਟ ਕੋਈ ਸਿਧਾਂਤਕ ਸਮਝੌਤਾ ਨਹੀਂ ਹੋ ਸਕਦਾ ਅਤੇ ਵੱਧ ਨਾਲ ਜਥੇਬੰਦਕ ਤੇ ਵਿਚਾਰਧਾਰਕ ਸਾਂਝ ਬਣ ਸਕਣੀ ਅਸੰਭਵ ਜਾਪਦੀ ਹੈ।

*ii. ਸ੍ਰੀ ਗੁਰੂ ਨਾਨਕ ਜੀ ਦੇ ਦਸ ਜਾਮਿਆਂ ਦੀ ਨਿਰੰਤਰਤਾ ਵਿੱਚ ਨਿਸ਼ਚਾ:*

ਗਿਣਤੀ ਵੱਜੋਂ ਗੁਰੂ-ਜਾਮੇ ਭਾਵੇਂ ਦਸ ਹੋਏ ਹਨ, ਪਰ ਉਨ੍ਹਾਂ ਵਿੱਚ ਜੋਤ ਰੂਪ ਵਿਚਾਰਧਾਰਾ ਇੱਕ ਗੁਰੂ ਨਾਨਕ ਸਾਹਿਬ ਜੀ ਦੀ ਹੀ ਸੀ। ਗੁਰੂ ਨਾਨਕ ਜੀ ਦੇ ਦਸ ਜਾਮਿਆਂ ਦੀ ਨਿਰੰਤਰਤਾ ਵਿੱਚ ਨਿਸ਼ਚਾ ਸਿੱਖ ਸਮਾਜ ਦੇ ਵਜੂਦ ਦਾ ਮੁੱਖ ਅਧਾਰ ਹੈ। ਇਸ ਤੋਂ ਘੱਟ ਉਹਨਾ ਅਨਮੱਤੀਆਂ ਲਈ ਰਾਹ ਖੁਲ੍ਹ ਜਾਂਦਾ ਹੈ ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਿੱਚ ਵਿਸ਼ਵਾਸ ਰੱਖਣ ਦਾ ਤਾਂ ਦਮ ਭਰਦੇ ਹਨ ਪਰ ਬਾਕੀ ਨੌਂ ਗੁਰੂ ਸਾਹਿਬਾਨ ਨਾਲ ਖੁਦ ਨੂੰ ਨਹੀਂ ਜੋੜਦੇ। ਇਸ ਤੋਂ ਅਗਲੀ ਸ਼੍ਰੇਣੀ ਉਨ੍ਹਾਂ ਗੁਰੂ-ਦੰਭੀਆਂ ਦੀ ਹੈ ਜਿਨ੍ਹਾਂ ਝੂਠੇ ਇਤਿਹਾਸ ਦੇ ਸਹਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵੀ ਦੇਹਧਾਰੀ ਗੁਰੂ ਡੰਮ ਚਲਾ ਰੱਖਿਆ ਹੈ। ਇਸ ਕਾਰਨ ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਨੂੰ ਦਰਜ ਕਰਨਾ ਸਿਧਾਂਤਕ ਸਪੱਸ਼ਟਤਾ ਲਈ ਜ਼ਰੂਰੀ ਹੋ ਜਾਂਦਾ ਹੈ।

*iii. ਸਿੱਖ ਦਾ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ:*

ਸਿੱਖ ਸਮਾਜ ਵਿੱਚ ਰਹਿਤ ਮਰਯਾਦਾ ਜਾਂ ਨਿਤਨੇਮ ਦੀ ਬਾਣੀਆਂ ਤੇ ਮਤਭੇਦ ਹੋ ਸਕਦੇ ਹਨ ਪਰ ਖੰਡੇ-ਬਾਟੇ ਦੀ ਪਾਹੁਲ ਤੇ ਤਾਂ ਸਹਿਮਤੀ ਬਣ ਸਕਦੀ ਹੈ ਚਾਹੇ ਕੋਈ ਕਿਸੇ ਵੀ ਮਰਯਾਦਾ ਨੂੰ ਮੰਨੇ। ਇਸ ਤੋਂ ਘੱਟ ਕਿਸੇ ਵੀ ਪੰਜ ਕਕਾਰੀ ਰਹਿਤ ਰੱਖਣ ਵਾਲੇ ਵਿਅਕਤੀ ਜਾਂ ਸੰਸਥਾ ਨਾਲ ਜਥੇਬੰਦਕ ਸਮਝੌਤਾ ਹੋਣਾ ਮੁਸ਼ਕਲ ਹੈ ਅਤੇ ਇਸ ਤੋਂ ਵੱਧ ਦੀ ਆਸ ਨਾਲ ਵਿਚਾਰਧਾਰਕ ਸਾਂਝ ਬਣ ਸਕਣੀ ਵੀ ਅਸੰਭਵ ਲਗਦੀ ਹੈ।

ਉਪਰ ਲਿਖੀ ਵਿਚਾਰ ਅਨੁਸਾਰ ਸਰਬੱਤ ਖਾਲਸਾ ਲਈ 'ਵੱਧ ਤੋਂ ਵੱਧ ਸਿਧਾਂਤਕ ਸਾਂਝ' ਇਹ ਹੋਵੇਗੀ:

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤਿ-ਸਰੂਪ ਦਸਾਂ ਜਾਮਿਆਂ ਦੀ ਨਿਰੰਤਰਤਾ ਅਤੇ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ ਰਖਣ ਵਾਲੇ ਦੁਨੀਆਂ ਭਰ ਦੇ ਗੁਰਸਿੱਖ ਇਸਤਰੀ-ਪੁਰਖਾਂ ਦੇ ਸਾਂਝੇ ਮੰਚ ਨੂੰ ਸਰਬੱਤ ਖਾਲਸਾ ਜਥੇਬੰਦੀ ਕਹਿੰਦੇ ਹਨ।*

**੨. ਨੁਮਾਇੰਦਗੀ:**

ਸਰਬੱਤ ਖਾਲਸਾ ਜਥੇਬੰਦੀ ਦੇ ਨੁਮਾਇੰਦੇ ਵੱਖ-ਵੱਖ ਦੇਸ਼, ਸੂਬੇ ਅਤੇ ਕਿੱਤਿਆਂ ਦੇ ਮਾਹਰ ਅਤੇ ਖੰਡੇ-ਬਾਟੇ ਦੀ ਪਾਹੁਲ ਦੇ ਧਾਰਨੀ ਸਿਦਕੀ ਸਿੱਖ ਹੋਣ। ਜ਼ਰੂਰੀ ਕਿੱਤਿਆਂ ਦੀ ਚੋਣ ਕਰਕੇ ਉਹਨਾ ਦੇ ਨੁਮਾਇੰਦਿਆਂ ਦੀ ਗਿਣਤੀ ਰਾਂਖਵੀਂ ਰੱਖੀ ਜਾਵੇ, ਜਿਵੇਂ - ਸਿੱਖ ਮਸਲਿਆਂ ਦੇ ਸੰਘਰਸ਼ ਨਾਲ ਜੁੜੇ ਹੋਏ, ਧਰਮ ਪਰਚਾਰ ਅਤੇ ਸੇਵਾ ਵਿੱਚ ਉਘਾ ਯੋਗਦਾਨ ਪਾਉਣ ਵਾਲੇ, ਗੁਰਮਤ ਸੰਗੀਤ, ਇਤਿਹਾਸਕਾਰ, ਪਛੜੇ ਸਿੱਖਾਂ (ਜਿਵੇਂ ਸਿਕਲੀਗਰ, ਵਣਜਾਰਾ, ਮਜ੍ਹਬੀ) ਦੇ ਨੁਮਾਇੰਦੇ, ਸਾਹਿਤਕਾਰ, ਪੱਤਰਕਾਰ, ਵਿਗਿਆਨੀ, ਕਿਸਾਨੀ ਅਤੇ ਵਾਤਾਵਰਨਵਾਦੀ ਕਾਰਕੁੰਨ, ਮਨੁੱਖੀ ਹੱਕਾਂ ਲਈ ਲੜਨ ਵਾਲੇ ਵਕੀਲ, ਆਦਿਕ। ਕੁੱਲ ਨੁਮਾਇੰਦਿਆਂ ਦੀ ਗਿਣਤੀ ਨਿਰਧਾਰਤ ਹੋਵੇ (ਜਿਵੇਂ- ੫੦੦ ਮੈਂਬਰ)।

ਮਾਹਰ ਤੋਂ ਭਾਵ ਨਿੱਜੀ ਪ੍ਰਾਪਤੀ ਦੇ ਅਧਾਰ ਤੇ ਨਹੀਂ ਬਲਕਿ ਨਿਰਭਉ ਨਿਰਵੈਰ ਦੇ ਗੁਣਾਂ ਨਾਲ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਮਾਨਵ ਸਭਿਅਤਾ ਨੂੰ ਦਿੱਤੇ ਯੋਗਦਾਨ ਤੇ ਹੋਵੇ।

ਪ੍ਰਸ਼ਾਸਨਿਕ ਲੋੜਾਂ ਕਾਰਨ ਸਰਬੱਤ ਖਾਲਸਾ ਦੇ ਦਫ਼ਤਰ ਚਾਹੀਦੇ ਹੋਣਗੇ, ਪਰ ਇਹ ਵੱਖ-ਵੱਖ ਦੇਸ਼ਾਂ ਵਿੱਚ ਹੋਣ। ਭਾਰਤ ਤੋਂ ਬਾਹਰ ਦੇ ਦੇਸ਼ਾਂ ਦੀ ਚੋਣ ਉਥੇ ਰਹਿੰਦੇ ਸਿੱਖਾਂ ਦੀ ਗਿਣਤੀ, ਦੇਸ਼ ਵਿੱਚ ਜਮਹੂਰੀ ਕਦਰਾਂ ਕੀਮਤਾਂ ਦੀ ਮਾਨਤਾ, ਅਤੇ ਅੰਤਰਰਾਸ਼ਟਰੀ ਭੂ-ਰਾਜਨੀਤਿਕ ਮਹੱਤਤਾ ਦੇ ਮਿਆਰਾਂ ਦਾ ਤਾਲਮੇਲ ਬੈਠਾਕੇ ਕੀਤਾ ਜਾਵੇ। ਇਸ ਨਾਲ ਸਰਬੱਤ ਖਾਲਸਾ ਦੀ ਕਾਰਜ ਪ੍ਰਣਾਲੀ ਕਿਸੇ ਇੱਕ ਦੇਸ਼ ਤੇ ਨਿਰਭਰ ਨਹੀਂ ਰਹੇਗੀ ਅਤੇ ਜਮਹੂਰੀ ਕਦਰਾਂ ਕੀਮਤਾਂ ਵਾਲੇ ਦੇਸ਼ਾਂ ਵੱਲੋਂ ਸੁਤੰਤਰ ਕਾਰਜ ਮਾਹੌਲ ਦੀ ਵੱਧ ਆਸ ਕੀਤੀ ਜਾ ਸਕਦੀ ਹੈ। ਜੇਕਰ ਸਰਕਾਰੀ ਦਖ਼ਲਅੰਦਾਜ਼ੀ ਕਾਰਨ ਕਿਸੇ ਇੱਕ ਦੇਸ਼ ਵਿੱਚ ਦਫ਼ਤਰ ਬੰਦ ਕਰਨਾ ਪਵੇ ਤਾਂ ਵੱਖ-ਵੱਖ ਦੇਸ਼ਾਂ ਵਿੱਚ ਪ੍ਰਸ਼ਾਸਨਿਕ ਦਫ਼ਤਰਾਂ ਨਾਲ ਸਰਬੱਤ ਖਾਲਸਾ ਦੀ ਜਥੇਬੰਦੀ ਉੱਤੇ ਕੋਈ ਅਸਰ ਨਹੀਂ ਪਵੇਗਾ। ਇਹ ਦੇਸ਼ ਹੋ ਸਕਦੇ ਹਨ- ਪੰਜਾਬ (ਭਾਰਤ), ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਇਟਲੀ, ਸਿੰਗਾਪੁਰ (ਜਾਂ ਮਲੇਸ਼ੀਆ)।

**੩. ਪਾਰਦਰਸ਼ਤਾ:**

ਸਰਬੱਤ ਖਾਲਸਾ ਜਥੇਬੰਦੀ ਦੇ ਕਾਰ-ਵਿਹਾਰ ਅਤੇ ਵਿਧੀ-ਵਿਧਾਨ ਵਿੱਚ ਪਾਰਦਰਸ਼ਤਾ ਇਸਦੀ ਨਿਰੰਤਰਤਾ ਲਈ ਸ਼ਾਹਰਗ ਹੈ। ਪਾਰਦਰਸ਼ਤਾ ਦੇ ਕਾਰਨ ਹੀ ਸਿੱਖ ਸੰਗਤ ਦਾ ਇਸ ਵਿੱਚ ਵਿਸ਼ਵਾਸ ਬੱਝੇਗਾ ਅਤੇ ਪਾਰਦਰਸ਼ਤਾ ਹੀ ਖੋਟੇ ਲੋਕਾਂ ਨੂੰ ਇਸ ਤੋਂ ਦੂਰ ਰੱਖਣ ਦਾ ਵਸੀਲਾ ਬਣੇਗੀ। ਪਾਰਦਰਸ਼ਤਾ ਦੀ ਵਚਨਬੱਧਤਾ ਤਾਂ ਹੀ ਕਾਇਮ ਰਹਿ ਸਕੇਗੀ ਜੇਕਰ ਇਸਦੇ ਨੁਮਾਇੰਦਿਆਂ ਨੂੰ ਚੁਣਨ ਦੀ ਵਿਧੀ ਹੇਠਾਂ ਤੋਂ ਉੱਪਰ ਹੋਵੇ। ਭਾਵ ਸਿੱਖ ਸੰਗਤ ਦੇ ਯੋਗਦਾਨ ਜਾਂ ਰਾਇ ਸਦਕਾ ਹੀ ਸਰਬੱਤ ਖਾਲਸਾ ਦੇ ਨੁਮਾਇੰਦੇ ਥਾਪੇ ਜਾਣ।

ਮੌਜੂਦਾ ਪ੍ਰਕਿਰਿਆ ਵਿੱਚ ਸਟੇਜ ਤੋਂ 'ਗੁਰਮਤਾ' ਪੜ੍ਹ ਦਿੱਤਾ ਜਾਂਦਾ ਹੈ ਅਤੇ ਸੰਗਤ ਨੂੰ ਹੱਥ ਖੜੇ ਕਰਕੇ ਪ੍ਰਵਾਨਗੀ ਲਈ ਕਹਿ ਦਿੱਤਾ ਜਾਂਦਾ ਹੈ। ਜਦਕਿ ਸੰਗਤ ਕੋਲ ਫੈਸਲਾ ਲੈਣ ਦੀ ਵਿਧੀ ਬਾਰੇ ਕੋਈ ਪਾਰਦਰਸ਼ਤਾ ਨਹੀਂ ਹੁੰਦੀ। ਸਰਬੱਤ ਖਾਲਸਾ ਜਾਂ ਪੰਜ ਪਿਆਰਿਆਂ ਵੱਲੋਂ ਲਏ ਫੈਸਲੇ ਜਾਂ ਪੰਥਕ-ਮਤੇ ਲਈ ਹੋਈ ਵਿਚਾਰ ਸੰਗਤ ਦੇ ਸਾਹਮਣੇ ਹੋਣੀ ਲਾਜ਼ਮੀ ਹੈ। ਇਹ ਪਾਰਦਰਸ਼ਤਾ ਮੀਟਿੰਗਾਂ ਦੀ ਵੀਡਿਓ ਰਿਕਾਰਡਿੰਗ ਜਾਂ ਮੀਟਿੰਗਾਂ ਦੀ ਕਾਰਵਾਈ ਦਾ ਵੇਰਵਾ ਸੰਗਤ ਨਾਲ ਸਾਂਝੇ ਕਰਕੇ ਕੀਤੀ ਜਾਣੀ ਚਾਹੀਦੀ ਹੈ।

ਸਲਾਨਾ ਵਿੱਤੀ ਆਡਿਟ ਵੀ ਪ੍ਰਕਿਰਿਆ ਦਾ ਹਿੱਸਾ ਹੋਵੇ।

**੪. ਨਿਰੰਤਰ ਸੁਧਾਰ:**

ਉਪਰ ਲਿੱਖੇ ਤਿੰਨ ਨੁਕਤਿਆਂ ਦੀ ਮਜ਼ਬੂਤੀ ਲਈ ਸਵੈ-ਪੜਚੋਲ ਅਤੇ ਨਿਰੰਤਰ ਸੁਧਾਰ ਸਰਬੱਤ ਖਾਲਸਾ ਜਥੇਬੰਦੀ ਦੇ ਵਿਧੀ-ਵਿਧਾਨ ਦਾ ਹਿੱਸਾ ਹੋਵੇ। ਨਿਰੰਤਰ ਸੁਧਾਰ ਵਾਸਤੇ ਇਹ ਜ਼ਰੂਰੀ ਹੈ ਕਿ ਨਵੇਂ ਵਿਚਾਰ ਅਤੇ ਨਵੇਂ ਹੁਨਰ ਲਈ ਥਾਂ ਬਣੀ ਰਹੇ। ਇਸ ਵਾਸਤੇ ਸਰਬੱਤ ਖਾਲਸਾ, ਕਾਰਜ ਸੰਚਾਲਨ ਕਮੇਟੀ ਅਤੇ ਪੰਜ ਪਿਆਰਿਆਂ ਦਾ ਕਾਰਜ ਸਮਾਂ ਨਿਰਧਾਰਤ ਹੋਵੇ- ਪੰਜ ਸਾਲ। ਨਿਰਧਾਰਤ ਸਮੇਂ ਬਾਅਦ, ਸਰਬੱਤ ਖ਼ਾਲਸਾ ਜਥੇਬੰਦੀ ਦੇ ਮੈਂਬਰਾਂ ਲਈ ਦੁਬਾਰਾ ਨਾਮਜ਼ਦਗੀ ਹੋਵੇ।

ਪਹਿਲਾਂ ਥਾਪੇ ਗਏ ਪੰਜ ਪਿਆਰੇ, ਦੁਬਾਰਾ ਸਰਬੱਤ ਖਾਲਸਾ ਦੇ ਨੁਮਾਇੰਦੇ ਨਹੀਂ ਥਾਪੇ ਜਾ ਸਕਦੇ ਕਿਉਂਕਿ ਪੰਜ ਪਿਆਰੇ ਖੁਦ ਪ੍ਰਵਾਨਗੀ ਅਥਾਰਟੀ ਹਨ। ਹਿੱਤਾਂ ਦੇ ਟਕਰਾਅ ਤੋਂ ਬਚਣ ਲਈ, ਉਹਨਾਂ ਨੂੰ ਦੁਬਾਰਾ ਨਾਮਜ਼ਦ ਨਹੀਂ ਕੀਤਾ ਜਾ ਸਕਦਾ।

ਸਰਬੱਤ ਖਾਲਸਾ ਜਥੇਬੰਦੀ ਦੀ ਪ੍ਰਕ੍ਰਿਆ ਵਿੱਚ ਸਵੈ-ਪੜਚੋਲ ਅਤੇ ਸੁਧਾਰ, ਇਸਦੇ ਵਿਧੀ-ਵਿਧਾਨ ਦਾ ਹਿੱਸਾ ਹੋਵੇ ਜਿਸ ਨਾਲ ਕੋਈ ਵੀ ਮਨਮਤਿ ਵਾਲ਼ੀ ਰੀਤ 'ਪਰੰਪਰਾ' ਬਣ ਕੇ ਤਰੱਕੀ ਵਿੱਚ ਰੋਕ ਨਾ ਬਣ ਜਾਵੇ।

---

ਸੰਵਾਦ ਰਾਹੀਂ ਸਰਬੱਤ ਖਾਲਸਾ ਜਥੇਬੰਦੀ ਦਾ ਸੰਕਲਪ ਅਤੇ ਵਿਧਾਨ ਤਿਆਰ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਮੈਂਬਰਾਂ ਦੇ ਨਾਮ ਗੁਰਮੁਖੀ ਵਰਣਮਾਲਾ ਤਰਤੀਬ ਵਿੱਚ ਹੇਠ ਲਿੱਖੇ ਹਨ:

ਡਾ: ਓਅੰਕਾਰ ਸਿੰਘ (ਫੀਨਿਕਸ), ਸ. ਕੁਲਦੀਪ ਸਿੰਘ (ਰਿਚਮੰਡ ਬੀਸੀ), ਪ੍ਰੋ: ਗੁਰਚਰਨ ਸਿੰਘ (ਫਲੋਰੀਡਾ), ਸ. ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਗਿਆਨੀ ਜਗਤਾਰ ਸਿੰਘ ਜਾਚਕ (ਨਿਊਯਾਰਕ), ਸ. ਜਗਧਰ ਸਿੰਘ (ਬੰਗਾਲ), ਸਰਦਾਰਨੀ ਜਸਬੀਰ ਕੌਰ (ਓਹਾਇਓ), ਡਾ. ਜਸਵੰਤ ਸਿੰਘ (ਫੀਨਿਕਸ), ਸ. ਤੇਜਿੰਦਰ ਸਿੰਘ (ਦਿੱਲੀ), ਸ. ਨਿਰਮਲ ਸਿੰਘ (ਵਿਕਟੋਰੀਆ ਬੀਸੀ), ਸ. ਪਰਮਪਾਲ ਸਿੰਘ (ਫਰਿਜ਼ਨੋ), ਡਾ: ਪ੍ਰੇਮ ਸਿੰਘ (ਸ਼ਿਮਲਾ), ਡਾ: ਬ੍ਰਿਜ ਪਾਲ ਸਿੰਘ (ਪਟਿਆਲਾ), ਸ. ਮਹਿੰਦਰ ਸਿੰਘ ਤਾਲਿਬ (ਦਿੱਲੀ) ਅਤੇ ਸਰਦਾਰਨੀ ਮਨਦੀਪ ਕੌਰ (ਦੁਬਈ)।

**ਮਿਤੀ: ੧ ਵੈਸਾਖ, ਨਾਨਕਸ਼ਾਹੀ ਸੰਮਤ ੫੫੬ / 14 ਅਪ੍ਰੈਲ, 2024**

---

# ਅਕਸਰ ਪੁੱਛੇ ਜਾਂਦੇ ਸਵਾਲ ਅਤੇ ਉਹਨਾਂ ਦੇ ਜਵਾਬ

**1. ਸਰਬੱਤ ਖ਼ਾਲਸਾ ਜਥੇਬੰਦੀ ਦੀ ਲੋੜ ਕਿਉਂ ਪਈ?**
ਇਸ ਸਮੇਂ ਹਰ ਸੰਜੀਦਾ ਸਿੱਖ ਕਾਰਕੁੰਨ, ਸਿੱਖ ਸੰਸਥਾਂਵਾਂ ਉੱਤੇ ਰਾਜਸੀ ਗਲਬੇ ਕਾਰਨ ਆਏ ਨਿਘਾਰ ਤੋਂ ਚਿੰਤਤ ਹੈ ਅਤੇ ਇਸ ’ਚੋਂ ਨਿਕਲਣ ਲਈ ਯਤਨਸ਼ੀਲ ਹੈ। ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਧੀਨ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਦੀ ਸਰਬੱਤ ਖ਼ਾਲਸਾ ਜਥੇਬੰਦੀ ਸੁਰਜੀਤ ਕਰਨ ਦੀ। ਇਹ ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੀ ਨਾ ਹੋਵੇ ਤਾਂਕਿ ਰਾਜਸੀ-ਪੁਜਾਰੀ ਗਠਜੋੜ ਇਸ ਸੰਸਥਾ ਤੇ ਕਾਬਜ਼ ਨਾ ਹੋ ਸਕੇ। ਅੱਜ ਸਿੱਖ ਪੂਰੀ ਦੁਨੀਆ ਵਿੱਚ ਵਸਦੇ ਹਨ ਅਤੇ ਸਰਬੱਤ ਖ਼ਾਲਸਾ ਜਥੇਬੰਦੀ ਉਸੇ ਨੂੰ ਕਿਹਾ ਜਾ ਸਕਦਾ ਹੈ ਜਿਸ ਨਾਲ ਦੁਨੀਆ ਭਰ ਦੇ ਗੁਰਸਿੱਖ ਜੁੜ ਸਕਣ। ਇਹਨਾ ਮਿਆਰਾਂ ਤੇ ਪੂਰੀ ਉਤਰਦੀ ਸੰਸਥਾ, ਆਪਣੇ ਕੌਮੀ ਮੱਸਲੇ ਆਪਣੇ ਹੱਥ ਲੈਕੇ ਆਪ ਉਹਨਾ ਦੇ ਹੱਲ ਕਰ ਸਕਦੀ ਹੈ। ਇਸੇ ਸੰਕਲਪ ਦੀ ਪੂਰਤੀ ਵਾਸਤੇ ਸਰਬੱਤ ਖ਼ਾਲਸਾ ਜਥੇਬੰਦੀ ਕੀ ਕਾਇਮੀ ਜ਼ਰੂਰੀ ਹੋ ਜਾਂਦੀ ਹੈ।

**2. ਜਿਵੇਂ ਕਿ ਅਠਾਰ੍ਹਵੀਂ ਸਦੀ ਵੇਲੇ, ਸਰਬੱਤ ਖ਼ਾਲਸਾ ਨੂੰ ਕੇਵਲ ਪੰਥ ਤੇ ਭੀੜ ਪੈਣ ਤੇ ਹੀ ਸੱਦੇ ਜਾਣ ਦੀ ਪਰੰਪਰਾ ਸੀ?**
ਅਠਾਰ੍ਹਵੀਂ ਸਦੀ ਵਿੱਚ ਸਿੱਖ ਮੁਖ ਤੌਰ ਤੇ ੧੨ ਮਿਸਲਾਂ ਵਿੱਚ ਵਿਚਰ ਰਹੇ ਸਨ। ਬਾਹਰੀ ਭੌਤਿਕ ਹਮਲਿਆਂ ਨੂੰ ਨਜਿੱਠਣ ਵਾਸਤੇ ਜਦ ੧੨ ਮਿਸਲਾਂ ਦੇ ਮੁੱਖੀ ਸਰਦਾਰ ਇਕੱਠੇ ਹੋ ਜਾਂਦੇ ਸਨ ਤਾਂ ਉਸ ਨੂੰ ਸਰਬੱਤ ਖ਼ਾਲਸਾ ਕਿਹਾ ਜਾਂਦਾ ਸੀ ਕਿਉਂਕਿ ਮਿਸਲਾਂ ਦਾ ਇੱਕਠ ਲਗਭਗ ਪੂਰੇ ਪੰਥ ਦੀ ਨੁਮਾਇੰਦਗੀ ਕਰਦਾ ਸੀ। ਅੱਜ ਸਿੱਖ ਨਾ ਤਾਂ ੧੨ ਮਿਸਲਾਂ ਵਿੱਚ ਵਿਚਰ ਰਹੇ ਹਨ ਅਤੇ ਨਾ ਹੀ ਕੇਵਲ ਪੰਜਾਬ ਤੱਕ ਹੀ ਸੀਮਤ ਹਨ। ਹੁਣ ਸਰਬੱਤ ਖ਼ਾਲਸਾ ਵਾਸਤੇ ਦੁਨੀਆ ਭਰ ਤੋਂ ਸਿੱਖਾਂ ਦੇ ਨੁਮਾਇੰਦਿਆਂ ਲਈ ਇੱਕ ਸਾਂਝਾ ਮੰਚ ਹੋਣਾਂ ਚਾਹੀਦਾ ਹੈ।
ਬਾਹਰੀ ਭੌਤਿਕ ਹਮਲਿਆਂ ਦੇ ਪ੍ਰਤੀਕਰਮ ਵਿੱਚ ਸਰਬੱਤ ਖ਼ਾਲਸਾ ਦਾ ਅਠਾਰ੍ਹਵੀਂ ਸਦੀ ਵੇਲੇ ਇੱਕਠੇ ਹੋਣਾ, ਮਾਣਮੱਤਾ ਇਤਿਹਾਸ ਹੈ, ਪਰ ਐਸਾ ਕੋਈ ਗੁਰਮਤਿ ਦਾ ਵਿਧੀ-ਵਿਧਾਨ ਨਹੀਂ ਕੀ ਕੇਵਲ ਭੀੜ ਪੈਣ ਤੇ ਹੀ ਇਕੱਠੇ ਹੋਇਆ ਜਾ ਸਕਦਾ ਹੈ। ਅੱਜ ਬਾਹਰੀ ਹਮਲਿਆਂ ਨਾਲੋਂ ਕਿਤੇ ਵੱਧ ਅੰਦਰੂਨੀ ਅਤੇ ਸਿਧਾਂਤਕ ਹਮਲੇ ਹੋ ਰਹੇ ਹਨ, ਜਿਨ੍ਹਾਂ ਨਾਲ ਨਜਿੱਠਣ ਲਈ ਜਥੇਬੰਦਕ ਰੂਪ ਵਿੱਚ ਨਿਰੰਤਰਤਾ ਕਾਇਮ ਕਰਨ ਦੀ ਲੋੜ ਹੈ।

**3. ਸਰਬੱਤ ਖ਼ਾਲਸਾ ਵਾਸਤੇ ਪਿਛਲੇ ਸਮੇਂ ਵਿੱਚ ਵੀ ਉਪਰਾਲੇ ਹੋਏ ਹਨ, ਫਿਰ ਇਹ ਕਿਸ ਤਰਾਂ ਵੱਖ ਹੈ?**
ਹੁਣ ਤੱਕ ਜੋ ਵੀ ਉਪਰਾਲੇ ਹੋਏ ਹਨ, ਇਹ ਸਭ ਬੁਨਿਆਦੀ ਤੌਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਇਤਿਹਾਸਕ ਸਥਾਨ ਦੀ ਅਜ਼ਾਦੀ ਨੂੰ ਮੁੱਖ ਰੱਖਕੇ ਕੀਤੇ ਹੋਏ ਯਤਨ ਹੀ ਜਾਪਦੇ ਹਨ। ਇਹ ਸਰਗਰਮੀ ਉਲਟਾ ਪੁਜਾਰੀ ਅਤੇ ਸਿਆਸਤਦਾਨ ਦੇ ਨਾਪਾਕ ਗਠਜੋੜ ਦੇ ਹੱਕ ਵਿੱਚ ਭੁਗਤਦੀ ਨਜ਼ਰ ਆਉਂਦੀ ਹੈ। ਇਸ ਨਾਲ ਇਹ ਧਾਰਨਾ ਬੱਝਦੀ ਲੱਗਦੀ ਹੈ ਕਿ ਜਿਸਦੇ ਕਬਜ਼ੇ ਵਿੱਚ ਸ੍ਰੀ ਅਕਾਲ ਤਖ਼ਤ ਦਾ ਜਥੇਬੰਦਕ ਇਤਿਹਾਸਕ ਸਥਾਨ ਹੈ, ਪੰਥ ਦੀ ਵਾਗਡੋਰ ਉਸੇ ਦੇ ਹੱਥ ਵਿੱਚ ਹੈ। ਸੱਤਾਧਾਰੀ ਧਿਰ ਲਈ ਕਿਸੇ 'ਸਥਾਨ' ਤੇ ਕਾਬਜ਼ ਹੋਣਾ ਹਮੇਸ਼ਾ ਹੀ ਸੌਖਾ ਹੁੰਦਾ ਹੈ। ਜ਼ਰੂਰਤ ਇਸ ਬਿਰਤਾਂਤ ਤੋਂ ਮੁਕਤ ਹੋਣ ਦੀ ਹੈ ਕਿਉਂਕਿ ਮੀਰੀ-ਪੀਰੀ ਦਾ ਸਿੱਖ ਸਿਧਾਂਤ ਕਿਸੇ ਖ਼ਾਸ ਜਥੇਬੰਦੀ ਦਾ ਗ਼ੁਲਾਮ ਨਹੀਂ।

**4. ਕੀ ਸ੍ਰੀ ਅਕਾਲ ਤਖ਼ਤ ਅਤੇ ਮੀਰੀ-ਪੀਰੀ ਇੱਕੋ ਗੱਲ ਨਹੀਂ?**
ਮੀਰੀ-ਪੀਰੀ ਗੁਰਮੱਤ ਦਾ 'ਸਿੱਧਾਂਤ' ਹੈ ਅਤੇ ਅਕਾਲ ਬੁੰਗਾ (ਅਕਾਲ ਤਖ਼ਤ) ਅਹਿਮ 'ਇਤਿਹਾਸਕ ਸਥਾਨ' ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੱਲੋਂ ਅਕਾਲ ਬੁੰਗੇ ਦੇ ਨਿਰਮਾਣ ਨਾਲ ਮੀਰੀ-ਪੀਰੀ ਦੇ ਸਿਧਾਂਤ ਨੂੰ ਰੂਪਮਾਨ ਕੀਤਾ ਗਿਆ ਸੀ, ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਸੰਗਤ-ਪੰਗਤ ਨੂੰ ਕਰਤਾਰਪੁਰ ਵਿਖੇ ਰੂਪਮਾਨ ਕੀਤਾ ਸੀ ਅਤੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਅਨੰਦਪੁਰ ’ਚ ਪ੍ਰਗਟ ਕੀਤਾ ਸੀ। ਅਗਰ ਖੰਡੇ-ਬਾਟੇ ਦੀ ਪਾਹੁਲ ਦੀ ਦਾਤ ਲੈਣ ਲਈ ਅਨੰਦਪੁਰ ਵਿੱਚ ਹੋਣਾ ਲਾਜ਼ਮੀ ਨਹੀਂ ਅਤੇ ਸੰਗਤ-ਪੰਗਤ ਵਾਸਤੇ ਕਰਤਾਰਪੁਰ ਹੋਣਾ ਲਾਜ਼ਮੀ ਨਹੀਂ, ਇਸੇ ਤਰਾਂ ਮੀਰੀ-ਪੀਰੀ ਦੇ ਸਿਧਾਂਤ ਦੀ ਨਿਰੰਤਰਤਾ ਲਈ ਅਕਾਲ ਬੁੰਗੇ (ਅਕਾਲ ਤਖ਼ਤ) ਦਾ ਨਿਯੰਤਰਣ ਲਾਜ਼ਮੀ ਨਹੀਂ। ਸਾਨੂੰ ਇਹ ਵੀ ਨਹੀਂ ਭੁਲਣਾਂ ਚਾਹੀਦਾ ਕਿ ਅਕਾਲ ਬੁੰਗੇ ਉੱਤੇ ਗੁਰੂ ਸਾਹਿਬ ਦੇ ਸਮੇਂ ਹੀ ਸਿੱਖ-ਵਿਰੋਧੀ ਤਾਕਤਾਂ ਦਾ ਕਬਜ਼ਾ ਇਸ ਹੱਦ ਤੱਕ ਹੋ ਚੁੱਕਾ ਸੀ ਕਿ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵੀ ਦਰਬਾਰ ਸਾਹਿਬ ਨਹੀਂ ਜਾਣ ਦਿੱਤਾ ਗਿਆ। ਪਰ ਗੁਰੂ ਸਾਹਿਬ ਨੇ ਸਿੱਖ ਸ਼ਕਤੀ ਅਕਾਲ ਬੁੰਗੇ ਨੂੰ ਆਜ਼ਾਦ ਕਰਵਾਉਣ ਲਈ ਨਹੀਂ ਵਰਤੀ। ਸਾਨੂੰ ਗੁਰੂ ਸਾਹਿਬ ਜੀ ਦੇ ਜੀਵਨ ਤੋਂ ਸੇਧ ਲੈਕੇ ਮੀਰੀ-ਪੀਰੀ ਦੇ ਸਿਧਾਂਤ ਦੀ ਸੰਭਾਲ ਕਰਨੀ ਬਣਦੀ ਹੈ ਜੋ ਸਥਾਨ ਤੋਂ ਮੁਕਤ ਹੈ। ਇਸ ਅਤਿ ਜ਼ਰੂਰੀ ਨੁਕਤੇ ਨੂੰ ਅਮਲ ਵਿੱਚ ਲਿਆਏ ਬਗੈਰ ਸਿੱਖ-

ਪੰਥ, ਧਾਰਮਕ ਖੁਦ-ਮੁਖਤਿਆਰੀ ਹਾਸਲ ਨਹੀਂ ਕਰ ਪਾਏਗਾ। ਇਸੇ ਕਰਕੇ ਸਰਬੱਤ ਖ਼ਾਲਸਾ ਜਥੇਬੰਦੀ ਨੂੰ 'ਕਿਸੇ ਖਾਸ ਦੇਸ਼-ਸਥਾਨ ਨਾਲ ਬੱਝੇ ਬਿਨਾ' ਰੱਖਣ ਦਾ ਮੰਤਵ ਰੱਖਿਆ ਗਿਆ ਹੈ।

**5. ਜੇਕਰ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਦਾ ਟੀਚਾ ਨਹੀਂ ਰੱਖਿਆ ਜਾਂਦਾ ਫ਼ਿਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਚੰਗੇ ਗੁਰਸਿੱਖ ਵੀਰਾਂ-ਭੈਣਾਂ ਕੋਲ ਕਿਵੇਂ ਆਵੇਗੀ?**

ਇਹ ਹਰ ਸੁਹਿਰਦ ਸਿੱਖ ਦੀ ਇੱਛਾ ਹੋਣੀ ਚਾਹੀਦੀ ਹੈ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਵਾਲੇ ਗੁਰਸਿੱਖ ਵੀਰਾਂ-ਭੈਣਾਂ ਦੇ ਕੋਲ ਹੀ ਹੋਵੇ। ਲੇਕਿਨ 'ਸਥਾਨ' ਅਤੇ 'ਸਿਧਾਂਤ' ਨੂੰ ਇੱਕ ਸਮਝਣਾ ਗੁਰਮਤਿ ਅਨੁਸਾਰ ਨਾ ਹੋਕੇ ਪੰਥ-ਵਿਰੋਧੀ ਤਾਕਤਾਂ ਦੇ ਹੱਕ ਵਿੱਚ ਜਾਂਦਾ ਹੈ ਕਿਉਂਕਿ ਸਥਾਨ ਤੇ ਰਾਜਸੀ ਦਖਲਅੰਦਾਜ਼ੀ ਨਾਲ ਹਮੇਸ਼ਾਂ ਹੀ ਆਸਾਨੀ ਨਾਲ ਕਾਬਜ਼ ਹੋਇਆ ਜਾਂਦਾ ਰਿਹਾ ਹੈ। ਸਿੱਖ ਇਤਿਹਾਸ ਇਸਦਾ ਗਵਾਹ ਹੈ। ਜਦੋਂ ਤੋਂ ਛੇਵੇਂ ਪਾਤਿਸ਼ਾਹ ਨੇ ਅੰਮ੍ਰਿਤਸਰ ਛੱਡਿਆ, ਉਦੋਂ ਤੋਂ ਲੈਕੇ ਹੁਣ ਤਕ ਦਰਬਾਰ ਸਾਹਿਬ ਜਾਂ ਅਕਾਲ ਤਖ਼ਤ ਸਾਹਿਬ ਬਹੁਤ ਥੋੜਾ ਸਮਾਂ ਹੀ ਭਲੇ ਗੁਰਸਿੱਖਾਂ ਦੇ ਨਿਯੰਤਰਨ ਵਿੱਚ ਰਿਹਾ ਹੈ। ਸੱਤਵੇਂ ਪਾਤਿਸ਼ਾਹ ਤੋਂ ਦਸਵੇਂ ਪਾਤਿਸ਼ਾਹ ਦੇ ਸਮੇਂ ਵੀ ਇਹ ਸਥਾਨ ਗੁਰੂ-ਦੋਖੀਆਂ ਦੇ ਕਬਜ਼ੇ ਵਿੱਚ ਹੀ ਰਿਹਾ ਪਰ ਕਿਸੇ ਗੁਰੂ ਸਾਹਿਬ ਨੇ ਅਕਾਲ ਬੁੰਗਾ ਆਜ਼ਾਦ ਕਰਵਾਉਣ ਦੀ ਮੁਹਿੰਮ ਨਹੀਂ ਵਿੱਢੀ ਕਿਉਂਕਿ ਉਹਨਾਂ ਸਾਨੂੰ ਸਿਧਾਂਤ ਅਤੇ ਸਥਾਨ ਨੂੰ ਵੱਖੋ-ਵੱਖ ਕਰਕੇ ਜਿਊਣਾਂ ਦੱਸਿਆ।

ਜੇਕਰ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਚੰਗੇ ਗੁਰਸਿੱਖਾਂ ਕੋਲ ਆ ਵੀ ਜਾਂਦੀ ਹੈ ਤਾਂ ਇਹ ਸਾਨੂੰ ਮੰਨ ਕੇ ਚੱਲਣਾ ਚਾਹਿਦਾ ਹੈ ਕਿ ਇਹ ਸਥਿਤੀ ਕੋਈ ਸਥਾਈ ਨਹੀਂ ਰਹੇਗੀ। ਰਾਜਨੀਤਕ ਉਥਲ-ਪੁਥਲ ਨਾਲ ਇਸਦਾ ਸਿੱਧਾ ਸੰਬੰਧ ਹੈ ਜੋ ਨਿਰੰਤਰ ਹੁੰਦੀ ਰਹਿੰਦੀ ਹੈ। ਇਸ ਕਰਕੇ ਸਰਬੱਤ ਖ਼ਾਲਸਾ ਜਥੇਬੰਦੀ ਦੇਸ਼-ਸਥਾਨ ਤੋਂ ਮੁਕਤ ਹੋਵੇ। ਇਸਦਾ ਇਹ ਨਤੀਜਾ ਹੋਵੇਗਾ ਕਿ ਜਿਵੇਂ ਹੀ ਅਨੁਕੂਲ ਪਰਿਸਥਿਤੀ ਹੋਵੇਗੀ, ਸਰਬੱਤ ਖ਼ਾਲਸਾ ਜਥੇਬੰਦੀ ਚੰਗੇ ਗੁਰਸਿੱਖ ਵੀਰਾਂ-ਭੈਣਾਂ ਨੂੰ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਨਿਯੁਕਤ ਕਰ ਸਕੇਗੀ। ਪਰ ਪ੍ਰਤਿਕੂਲ ਹਾਲਾਤਾਂ ਵਿੱਚ ਜੇਕਰ ਗੁਰਦੁਆਰਿਆਂ ਦਾ ਨਿਯੰਤਰਨ ਗੁਰਮਤਿ ਵਿਰੋਧੀ ਤਾਕਤਾਂ ਕੋਲ ਆ ਜਾਵੇ ਤਾਂ ਅਜਿਹੀ ਸਥਿਤੀ ਵਿੱਚ ਸਰਬੱਤ ਖ਼ਾਲਸਾ ਜਥੇਬੰਦੀ ਕਾਇਮ ਰਹੇਗੀ ਜੋ ਸਿਧਾਂਤ ਵਿੱਚ ਪਰਿਪਕਤਾ ਨੂੰ ਉਸੇ ਤਰਾਂ ਪਹਿਲ ਦੇਵੇਗੀ ਜਿਵੇਂ ਗੁਰੂ ਸਾਹਿਬਾਨ ਨੇ ਕਿਸੇ ਸਥਾਨ ਨਾਲ ਬੱਝੇ ਬਿਨਾਂ ਸਾਡੇ ਲਈ ਪੂਰਨੇ ਪਾਏ ਹਨ।

**6. ਸਰਬੱਤ ਖ਼ਾਲਸਾ ਤਾਂ ਕੌਮੀ ਚੇਤਨਾ ਦਾ ਸੰਕਲਪ ਹੈ, ਇਹ ਜਥੇਬੰਦੀ ਕਿਵੇਂ ਹੋ ਸਕਦੀ ਹੈ?**

ਜਿਸ ਸੰਕਲਪ ਨੂੰ ਜ਼ਮੀਨ ਤੇ ਲਾਗੂ ਨਾ ਕੀਤਾ ਜਾ ਸਕਦਾ ਹੋਵੇ ਉਸਨੂੰ ਖ਼ਿਆਲੀ ਫ਼ਲਸਫ਼ਾ ਕਹਿੰਦੇ ਹਨ। ਸਰਬੱਤ ਖ਼ਾਲਸਾ ਕੋਈ ਖ਼ਿਆਲੀ ਫ਼ਲਸਫ਼ਾ ਨਹੀਂ, ਇਹ ਸਿੱਖ ਮਾਨਸਿਕਤਾ ਦਾ ਉਹ ਸੰਕਲਪ ਹੈ ਜਿਸ ਨੂੰ ਸਮੇਂ-ਸਮੇਂ ਸਿਰ ਸੁਰਜੀਤ ਕਰਨ ਦੀਆਂ ਵਿਚਾਰਾਂ ਹੁੰਦੀਆਂ ਰਹਿੰਦੀਆਂ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਸਿੱਖ-ਸੰਗਤ, ਸਰਬੱਤ ਖ਼ਾਲਸਾ ਨੂੰ ਰੂਪਮਾਨ ਹੁੰਦਾ ਦੇਖਣਾ ਚਾਹੁੰਦੀ ਹੈ। ਜਦ ਤੱਕ ਇਹ ਨਹੀਂ ਹੋ ਜਾਂਦਾ ਇਸ ਨੂੰ ਸੁਰਜੀਤ ਕਰਨ ਦੇ ਉਪਰਾਲੇ ਵੀ ਹੁੰਦੇ ਰਹਿਣਗੇ। ਹੁਣ ਤੱਕ ਕੌਮੀ ਚੇਤਨਾ ਨੂੰ ਜ਼ਮੀਨੀ ਮਾਡਲ ਨਾ ਮਿਲਣ ਕਾਰਨ ਇਹ ਸਵਾਰਥੀ ਲੀਡਰਾਂ ਦੇ ਹੱਥਾਂ ਤੇ ਚੱੜ੍ਹਦੀ ਆਈ ਹੈ। ਜੇਕਰ ਗੁਰਮਤਿ ਦੇ ਚਾਨਣ ਵਿੱਚ ਇਸਨੂੰ ਜਥੇਬੰਦਕ ਢਾਂਚੇ ਦਾ ਸਰੂਪ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦਾ ਬ੍ਰਾਹਮਣਵਾਦੀ ਹੱਥਾਂ ਵਿੱਚ ਆ ਜਾਣ ਦਾ ਖਦਸ਼ਾ ਹੋਰ ਵੀ ਵੱਧ ਜਾਵੇਗਾ।

**7. ਪਿਛਲੇ ਕੁਝ ਸਮੇਂ ਵਿੱਚ ਸਰਬੱਤ ਖ਼ਾਲਸਾ ਦੇ ਨਾਮ ਹੇਠ ਜੋ ਪ੍ਰਭਾਵਸ਼ਾਲੀ ਇਕੱਠ ਹੋਏ ਹਨ, ਉਹਨਾ ਵਿੱਚੋਂ ਕੋਈ ਰਸਤਾ ਕਿਉਂ ਨਾ ਨਿਕਲ ਸੱਕਿਆ?**

ਪਿਛਲੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵੱਜੋਂ ਚੱਬੇ ਦੀ ਧਰਤੀ ਤੇ ਲੱਖਾਂ ਦਾ ਇੱਕਠ ਹੋਇਆ ਸੀ ਜਿਸਨੂੰ ਸਰਬੱਤ ਖ਼ਾਲਸਾ ਕਿਹਾ ਗਿਆ। ਸਿੱਖ-ਸੰਗਤ ਦੀਆਂ ਕੋਮਲ ਭਾਵਨਾਵਾਂ ਦਾ ਲਾਹਾ ਚੁੱਕਦੇ ਹੋਏ, ਇਸ ਤਰਾਂ ਦੇ ਇੱਕਠ ਹੁੰਦੇ ਰਹਿਣਗੇ। ਸਭ ਤੋਂ ਪਹਿਲੀ ਅਤੇ ਵੱਡੀ ਗੱਲ ਤਾਂ ਇਹ ਹੈ ਕਿ ਪੰਥਕ ਹਿੱਤਾਂ ਲਈ ਕੋਈ ਠੋਸ ਫੈਸਲੇ ਲੈਣ ਦੀ ਬਜਾਏ ਅਜਿਹੇ ਇਕੱਠਾਂ ਨੂੰ ਕੇਵਲ ਅਕਾਲ ਤਖ਼ਤ ਦਾ ਜਥੇਦਾਰ ਚੁਣਨ ਵੱਲ ਮੋੜ ਕੇ ਦਿਸ਼ਾਹੀਣ ਕਰ ਦਿੱਤਾ ਜਾਂਦਾ ਹੈ। ਦੂਜਾ, ਜਿਹੜੇ ਲੀਡਰ ਸਟੇਜ ਤੇ ਕਾਬਜ਼ ਹੋ ਜਾਂਦੇ ਨੇ ਉਹਨਾ ਨੂੰ ਲੱਖਾਂ ਦੇ ਇੱਕਠ ਨੇ ਨਹੀਂ ਚੁਣਿਆ ਹੁੰਦਾ। ਇਹ ਲੀਡਰ ਬਿਨਾ ਪਾਰਦਰਸ਼ਤਾ ਦੇ 'ਗੁਰਮੱਤਾ' ਪਕਾ ਲੈਂਦੇ ਹਨ ਅਤੇ ਲੱਖਾਂ ਦੇ ਇੱਕਠ ਤੋਂ ਹੱਥ ਖੜੇ ਕਰਵਾਕੇ 'ਗੁਰਮੱਤੇ' ਦੀ ਪ੍ਰਵਾਨਗੀ ਲੈ ਲਈ ਜਾਂਦੀ ਹੈ। ਇਸ ਉਪਰੰਤ ਨਿਰੰਤਰਤਾ ਵਾਸਤੇ ਕੁਝ ਵੀ ਨਹੀਂ ਹੁੰਦਾ। ਸਰਬੱਤ ਖ਼ਾਲਸਾ ਉਸੇ ਨੂੰ ਕਿਹਾ ਜਾ ਸਕਦਾ ਹੈ ਜਿਸਦੇ ਆਗੂਆਂ ਨੂੰ ਸੰਗਤ ਨੇ ਪਾਰਦਰਸ਼ੀ ਵਿਧਾਨ ਅਧੀਨ ਚੁਣਿਆ ਹੋਵੇ ਅਤੇ ਜੋ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੇ ਹੋਣ। ਇਸ ਵਿੱਚ ਨਿਰੰਤਰਤਾ ਤਾਂ ਹੀ ਆ ਸਕਦੀ ਹੈ ਜੇਕਰ ਇਸ ਨੂੰ ਕੋਈ ਜਥੇਬੰਦਕ ਰੂਪ ਦਿੱਤਾ ਜਾਵੇ।

**8. ਕੀ ਸਿੱਖ ਧਰਮ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਦਾ ਹੁਕਮਨਾਮਾ ਸਿਰਮੌਰ ਨਹੀਂ?**

ਸਿੱਖਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਸਿਰਮੌਰ ਹਨ। 'ਹੁਕਮਨਾਮਾ' ਗੁਰੂ ਲਈ ਰਾਖਵਾਂ ਹੈ, ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਮਤਿ ਦੀ ਰੌਸ਼ਨੀ ਵਿੱਚ ਬਣੀ ਸਿੱਖਾਂ ਦੀ ਆਮ ਰਾਇ ਜਾਂ ਮਤੇ ਨੂੰ ਪੰਥਕ-ਮਤਾ ਕਿਹਾ ਜਾ ਸਕਦਾ ਹੈ। ਸਿੱਖ ਸਿਧਾਂਤ ਦੀ ਰਾਖੀ ਵਾਸਤੇ ਪੰਚ-ਪ੍ਰਧਾਨੀ ਸੰਕਲਪ ਅਧੀਨ ਹੱਲ ਲੱਭਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਚ-ਪ੍ਰਧਾਨੀ ਸੰਕਲਪ ਨੂੰ ਪੰਜ ਪਿਆਰਿਆਂ ਵੱਜੋਂ ਰੂਪਮਾਨ ਕੀਤਾ ਸੀ। ਸਾਨੂੰ ਇਸੇ ਤੋਂ ਸੇਧ ਲੈਣੀ ਚਾਹੀਦੀ ਹੈ। ਪੰਜੇ ਪਿਆਰੇ ਬਰਾਬਰ ਹਨ, ਈਸਾਈਆਂ ਦੇ ਪੋਪ ਦੀ ਨਕਲ ਵਿੱਚ ਕਿਸੇ ਇੱਕ ਨੂੰ 'ਅਕਾਲ ਤਖ਼ਤ ਦਾ ਜਥੇਦਾਰ' ਨਿਯੁਕਤ ਕੀਤਾ ਜਾਣਾ ਪੰਜ ਪਿਆਰਿਆਂ ਦੀ ਸੰਸਥਾ ਨੂੰ ਬੇਅਰਥ ਬਣਾ ਦਿੰਦਾ ਹੈ ਅਤੇ ਗੁਰੂ ਦੀ ਬਰਾਬਰੀ ਕਰਨ ਤੁੱਲ ਹੋ ਜਾਂਦਾ ਹੈ।

**9. ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਜੋ 'ਹੁਕਮਨਾਮਾ' ਸੁਣਾਇਆ ਜਾਂਦਾ ਹੈ ਉਹ ਵੀ ਤਾਂ ਪੰਜ ਪਿਆਰੇ ਰਲ਼ ਕੇ ਹੀ ਪੜ੍ਹਦੇ ਹਨ, ਫ਼ਿਰ ਇਸ ਵਿੱਚ ਕੀ ਗਲਤ ਹੈ?**

ਇਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ ਕਿ ਅਜਕਲ ਤਖ਼ਤਾਂ ਤੇ ਬਿਠਾਏ ਜਥੇਦਾਰ ਸਿਆਸੀ ਆਗੂਆਂ ਦੀ ਮਰਜ਼ੀ ਨਾਲ ਚੁਣੇ ਜਾਂਦੇ ਹਨ। ਉਹਨਾ ਨੂੰ ਸਿੱਖ ਸੰਗਤ ਵੱਲੋਂ ਨਹੀਂ ਚੁਣਿਆ ਜਾਂਦਾ ਅਤੇ ਨਾ ਹੀ ਐਸਾ ਕੋਈ ਵਿਧਾਨ ਹੈ। ਸਿੱਖ ਸੰਗਤ ਦੇ ਮਨਾਂ ਵਿੱਚ ਪੰਜ ਪਿਆਰਿਆਂ ਪ੍ਰਤੀ ਸਤਕਾਰ ਨੂੰ ਸਿਆਸੀ-ਪੁਜਾਰੀ ਗਠਜੋੜ ਵੱਲੋਂ ਆਪਣੇਂ ਹਿੱਤਾਂ ਲਈ ਵਰਤਿਆ ਜਾਂਦਾ ਹੈ। ਇਹ ਪੰਜ ਜਥੇਦਾਰ ਕਿਸੇ ਤਰਾਂ ਵੀ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਨਹੀਂ ਕਰਦੇ।

**10. ਅੰਤਰਰਾਸ਼ਟਰੀ ਪੱਧਰ ਤੇ ਕਈ ਸਿੱਖ ਸੰਸਥਾਵਾਂ ਹਨ ਜੋ ਚੰਗਾ ਕੰਮ ਕਰ ਰਹੀਆਂ ਹਨ, ਕੀ ਉਹ ਖੁਦ ਨੂੰ ਸਰਬੱਤ ਖ਼ਾਲਸਾ ਕਹਿ ਸਕਦੀਆਂ ਹਨ?**

ਅੰਤਰਰਾਸ਼ਟਰੀ ਪੱਧਰ ਤੇ ਹੋਣਾ ਇੱਕ ਵਿਸ਼ੇਸ਼ਤਾ ਹੈ, ਸਰਬੱਤ ਖ਼ਾਲਸਾ ਜਥੇਬੰਦੀ ਉਸੇ ਨੂੰ ਕਿਹਾ ਜਾ ਸਕਦਾ ਹੈ ਜਿਸ ਦਾ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲ਼ਾ ਪਾਰਦਰਸ਼ੀ ਵਿਧਾਨ ਹੋਵੇ, ਪੰਚ ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰੇ, ਅਤੇ ਜੋ ਖੁਦਮੁਖਤਿਆਰ ਹੋਵੇ।

**11. ਅਗਰ ਸਰਬੱਤ ਖ਼ਾਲਸਾ ਦੇ ਨਾਮ ਤੇ ਹੋਰ ਜਥੇਬੰਦੀਆਂ ਬਣ ਜਾਣ ਤਾਂ ਸਿੱਖ-ਸੰਗਤ ਕਿਵੇਂ ਸਹੀ-ਗਲਤ ਦੀ ਪਛਾਣ ਕਰੇ?**

ਸਿੱਖ ਸੰਗਤ ਨੂੰ ਪਾਰਦਰਸ਼ਤਾ ਦੇ ਮਿਆਰ ਤੇ ਪਰਖਣਾ ਚਾਹੀਦਾ ਹੈ। ਸਿੱਖ ਸੰਗਤ ਨੂੰ ਪਰਖਣਾ ਚਾਹੀਦਾ ਹੈ ਕਿ ਕੀ ਸਰਬੱਤ ਖ਼ਾਲਸਾ ਵਾਸਤੇ ਦੁਨੀਆਂ ਭਰ ਤੋਂ ਸਿੱਖਾਂ ਦੇ ਪ੍ਰਤੀਨਿਧੀਆਂ ਦੇ ਆਪਸ ਵਿੱਚ ਜੁੜਨ ਦਾ ਵਿਧਾਨ ਹੈ? ਕੀ ਗੁਰਮਤਿ ਅਨੁਸਾਰ ਪੰਚ-ਪ੍ਰਧਾਨੀ ਸੰਕਲਪ ਨੂੰ ਰੂਪਮਾਨ ਕਰਨ ਦਾ ਵਿਧਾਨ ਹੈ? ਕੀ ਵੱਖ-ਵੱਖ ਵਿਚਾਰਧਾਰਾਵਾਂ ਨੂੰ ਇੱਕ ਮੰਚ ਤੇ ਜੋੜਨ ਲਈ ਕੋਈ ਸਿਧਾਂਤਕ ਸਾਂਝ ਹੈ? ਕੀ ਸੰਸਥਾ ਖੁਦਮੁਖਤਿਆਰ ਹੈ? ਇਨ੍ਹਾਂ ਮਿਆਰਾਂ ਦੀ ਪਰਖ ਨਾਲ ਸਹੀ-ਗਲਤ ਦੀ ਪਛਾਣ ਹੋ ਸਕਦੀ ਹੈ।

**12. ਸਰਬੱਤ ਖ਼ਾਲਸਾ ਜਥੇਬੰਦੀ ਪੰਚ-ਪ੍ਰਧਾਨੀ ਸੰਕਲਪ ਨੂੰ ਕਿਸ ਤਰਾਂ ਰੂਪਮਾਨ ਕਰਦੀ ਹੈ?**

ਸਰਬੱਤ ਖ਼ਾਲਸਾ ਜਥੇਬੰਦੀ ਨੂੰ ਚਾਰ ਥੰਮ੍ਹਾਂ ਦੇ ਅਧਾਰ ਦੇ ਉਸਾਰਿਆ ਗਿਆ ਹੈ: ੧) ਸਿਧਾਂਤ ਵਿੱਚ ਪਰਪੱਕਤਾ, ੨) ਸਾਰੇ ਸੰਸਾਰ ਵਿੱਚ ਵੱਸਦੀ ਸਿੱਖ ਸੰਗਤ ਦੀ ਨੁਮਾਇੰਦਗੀ, ੩) ਵਿਧਾਨ ਅਤੇ ਕਾਰਵਾਈ ਵਿੱਚ ਪਾਰਦਰਸ਼ਤਾ, ੪) ਉਪਰ ਲਿੱਖੇ ਤਿੰਨ ਨੁਕਤਿਆਂ ਦੀ ਮਜ਼ਬੂਤੀ ਲਈ ਨਿਰੰਤਰ ਸੁਧਾਰ।

ਇਹਨਾ ਮਿਆਰਾਂ ਰਾਹੀਂ ਪ੍ਰਗਟ ਹੋਈ ਸਰਬੱਤ ਖ਼ਾਲਸਾ ਜਥੇਬੰਦੀ ਦੇ ਨੁਮਾਇੰਦਿਆਂ ਵਿੱਚੋਂ ਹੀ ਪੰਜ ਪਿਆਰੇ ਹੋਣਗੇ। ਪੰਜੇ ਪਿਆਰੇ ਬਰਾਬਰ ਹਨ।

**13. ਪੰਜ ਪਿਆਰਿਆਂ ਦਾ ਕਾਰਜ ਖੇਤਰ ਕੀ ਹੋਵੇਗਾ?**

ਪੰਜ ਪਿਆਰਿਆਂ ਦਾ ਕਾਰਜ-ਖੇਤਰ, ਪੰਥਕ ਮਸਲਿਆਂ ਉੱਤੇ ਸਹਿਮਤੀ ਬਨਾਉਣੀ ਅਤੇ ਨਿਰਮਾਣ-ਸਹਾਇਕ ਵੱਜੋਂ ਕਾਰਜਸ਼ੀਲ ਹੋਣਾਂ ਹੈ। ਆਮ ਸਹਿਮਤੀ ਲਈ ਪੰਜ ਪਿਆਰੇ ਸਰਬੱਤ ਖ਼ਾਲਸਾ ਦੇ ਨੁਮਾਇੰਦਿਆਂ ਵਿੱਚੋਂ ਹੀ ਵਿਸ਼ਾ-ਮਾਹਰਾਂ ਦੀ ਕਮੇਟੀ ਬਣਾਉਣਗੇ ਅਤੇ ਇਸ ਕਮੇਟੀ ਦੀ ਸਲਾਹ ਨਾਲ ਸੰਗਤ ਨੂੰ ਪੰਥਕ-ਮਤਾ ਸੁਣਾਉਣਗੇ। ਹੁਕਮਨਾਮੇ ਜਾਂ ਪੰਥ ਵਿੱਚੋਂ ਛੇਕ ਦੇਣ ਆਦਿ ਵਾਲ਼ੇ ਫ਼ਤਵੇ ਸੁਣਾਉਣ ਦਾ ਅਧਿਕਾਰ ਕਿਸੇ ਕੋਲ ਨਹੀਂ ਹੋਣਾ ਚਾਹੀਦਾ। ਪੰਥਕ-ਮੱਤੇ ਲਈ ਪ੍ਰਕਿਰਿਆ ਦੀ ਤਰਤੀਬ ਵਿਧਾਨ ਦੀ ਧਾਰਾ ੫ ਵਿੱਚ ਅੰਕਿਤ ਹੈ।

**14. ਸੰਸਾਰ ਭਰ ਦੇ ਸਿੱਖ, ਸਰਬੱਤ ਖ਼ਾਲਸਾ ਜਥੇਬੰਦੀ ਲਈ ਆਪਣੇ ਨੁਮਾਇੰਦੇ ਕਿਵੇਂ ਭੇਜ ਸਕਦੇ ਹਨ?**

ਵਿਧਾਨ ਦੀ ਧਾਰਾ ੩ ਅਨੁਸਾਰ ਸਰਬੱਤ ਖ਼ਾਲਸਾ ਜਥੇਬੰਦੀ ਨਾਲ ਨਾਮਜ਼ਦਗੀਆਂ ਹੇਠ ਲਿਖੇ ਦੋ ਤਰੀਕਿਆਂ ਨਾਲ ਕੀਤੀਆਂ ਜਾ ਸਕਦੀਆਂ ਹਨ: i. ਪਹਿਲਾਂ ਸਿੱਖ ਸੰਸਥਾਵਾਂ ਖੁਦ ਨੂੰ ਔਨਲਾਈਨ ਫਾਰਮ ਭਰ ਕੇ ਰਜਿਸਟਰ ਕਰਵਾਉਂਦੀਆਂ ਹਨ। ਰਜਿਸਟਰ ਹੋ ਚੁੱਕੀਆਂ ਸਿੱਖ ਸੰਸਥਾਵਾਂ ਸਰਬੱਤ ਖਾਲਸਾ ਪੰਚਾਇਤ ਲਈ ਆਪਣੇ ਨੁਮਾਇੰਦਿਆਂ ਦੀਆਂ ਵੱਧ ਤੋਂ ਵੱਧ ਦੋ ਨਾਮਜ਼ਦਗੀਆਂ ਭੇਜ ਸਕਦੀਆਂ ਹਨ।

ii. ਉਹ ਵਿਅਕਤੀ ਜਿਨ੍ਹਾਂ ਨੂੰ ਕਿਸੇ ਸਿੱਖ ਸੰਸਥਾ ਦੁਆਰਾ ਨਾਮਜ਼ਦ ਨਹੀਂ ਕੀਤਾ ਗਿਆ ਪਰ ਉਹਨਾ ਨੇ ਸਿੱਖ ਸਮਾਜ ਲਈ ਉਘਾ ਯੋਗਦਾਨ ਪਾਇਆ ਹੈ, ਨੂੰ ਸਰਬੱਤ ਖ਼ਾਲਸਾ ਪੰਚਾਇਤ ਲਈ ਨਾਮਜ਼ਦ ਕਰਨ ਵਾਸਤੇ *fateh@sarbat-khalsa.world* ਤੇ ਈ-ਮੇਲ ਰਾਹੀਂ ਲਿਖਤੀ ਬੇਨਤੀ ਭੇਜੀ ਜਾ ਸਕਦੀ ਹੈ।

**15. ਸਿੱਖ ਸਮਾਜ ਵਿੱਚ ਵੱਡੇ ਮਤਭੇਦ ਹਨ। ਐਸੇ ਮਾਹੌਲ ਵਿੱਚ ਇੱਕ ਮੰਚ ਤੇ ਸਭ ਨੂੰ ਕਿਵੇਂ ਇਕੱਠਾ ਕੀਤਾ ਜਾ ਸਕਦਾ ਹੈ?**

ਸਰਬੱਤ ਖ਼ਾਲਸਾ ਜਥੇਬੰਦੀ ਦਾ ਪਹਿਲਾ ਥੰਮ੍ਹ ਹੈ ਕਿ ਇਹ ਵੱਧ ਤੋਂ ਵੱਧ ਸਿਧਾਂਤਕ ਸਾਂਝ ਦੇ ਅਧੀਨ ਇਕੱਠੇ ਹੋਏ ਸਿੱਖਾਂ ਦਾ ਸਾਂਝਾ ਮੰਚ ਹੈ। ਸਾਨੂੰ ਵੱਧ ਤੋਂ ਵੱਧ ਵਿਚਾਰਧਾਰਕ ਸਾਂਝ ਤੇ ਸਹਿਮਤੀ ਬਣਾਉਣੀ ਪਵੇਗੀ ਜੋ ਬਿਨਾ ਕਿਸੇ ਸਿਧਾਂਤਕ ਸਮਝੌਤੇ ਦੇ ਸਿੱਖ ਪੰਥ ਦੀ ਨੁਮਾਇੰਦਗੀ ਕਰੇ। ਇਹ ਸਾਂਝ ਹੇਠ ਲਿਖੇ ਨੁਕਤਿਆਂ ਤੇ ਬਣ ਸਕਦੀ ਹੈ:

*i. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਪੂਰੇ ਗੁਰੂ ਹਨ:*

ਸਿੱਖ ਸਮਾਜ ਵਿੱਚ ਰਾਗਮਾਲਾ ਜਾਂ ਦਸਮ ਗ੍ਰੰਥ ਤੇ ਮਤਭੇਦ ਹੋ ਸਕਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਤੇ ਤਾਂ ਪੂਰਨ ਸਹਿਮਤੀ ਹੈ। ਇਸ ਕਾਰਨ ਇਹਦੇ ਤੋਂ ਘੱਟ ਕੋਈ ਸਿਧਾਂਤਕ ਸਮਝੌਤਾ ਨਹੀਂ ਹੋ ਸਕਦਾ ਅਤੇ ਵੱਧ ਨਾਲ ਜਥੇਬੰਦਕ ਤੇ ਵਿਚਾਰਧਾਰਕ ਸਾਂਝ ਬਣ ਸਕਣੀ ਅਸੰਭਵ ਜਾਪਦੀ ਹੈ।

*ii. ਸ੍ਰੀ ਗੁਰੂ ਨਾਨਕ ਜੀ ਦੇ ਦਸ ਜਾਮਿਆਂ ਦੀ ਨਿਰੰਤਰਤਾ ਵਿੱਚ ਨਿਸ਼ਚਾ:*

ਗਿਣਤੀ ਵੱਜੋਂ ਗੁਰੂ-ਜਾਮੇ ਭਾਵੇਂ ਦਸ ਹੋਏ ਹਨ, ਪਰ ਉਨ੍ਹਾਂ ਵਿੱਚ ਜੋਤ ਰੂਪ ਵਿਚਾਰਧਾਰਾ ਇੱਕ ਗੁਰੂ ਨਾਨਕ ਸਾਹਿਬ ਜੀ ਦੀ ਹੀ ਸੀ। ਗੁਰੂ ਨਾਨਕ ਜੀ ਦੇ ਦਸ ਜਾਮਿਆਂ ਦੀ ਨਿਰੰਤਰਤਾ ਵਿੱਚ ਨਿਸ਼ਚਾ, ਸਿੱਖ ਸਮਾਜ ਦੇ ਵਜੂਦ ਦਾ ਮੁੱਖ ਅਧਾਰ ਹੈ। ਇਸ ਤੋਂ ਘੱਟ ਉਹਨਾ ਅਨਮੱਤੀਆਂ ਲਈ ਰਾਹ ਖੁਲ੍ਹ ਜਾਂਦਾ ਹੈ ਜੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਿੱਚ ਵਿਸ਼ਵਾਸ ਰੱਖਣ ਦਾ ਤਾਂ ਦਮ ਭਰਦੇ ਹਨ ਪਰ ਬਾਕੀ ਨੌਂ ਗੁਰੂ ਸਾਹਿਬਾਨ ਨਾਲ ਖੁਦ ਨੂੰ ਨਹੀਂ ਜੋੜਦੇ। ਇਸ ਤੋਂ ਅਗਲੀ ਸ਼੍ਰੇਣੀ ਉਨ੍ਹਾਂ ਗੁਰੂ-ਦੰਭੀਆਂ ਦੀ ਹੈ ਜਿਨ੍ਹਾਂ ਝੂਠੇ ਇਤਿਹਾਸ ਦੇ ਸਹਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵੀ ਦੇਹਧਾਰੀ ਗੁਰੂ ਡੰਮ ਚਲਾ ਰੱਖਿਆ ਹੈ। ਇਸ ਕਾਰਨ ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਨੂੰ ਦਰਜ ਕਰਨਾ ਸਿਧਾਂਤਕ ਸਪੱਸ਼ਟਤਾ ਲਈ ਜ਼ਰੂਰੀ ਹੋ ਜਾਂਦਾ ਹੈ।

*iii. ਸਿੱਖ ਦਾ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ:*

ਸਿੱਖ ਸਮਾਜ ਵਿੱਚ ਰਹਿਤ ਮਰਯਾਦਾ ਜਾਂ ਨਿਤਨੇਮ ਦੀ ਬਾਣੀਆਂ ਤੇ ਮਤਭੇਦ ਹੋ ਸਕਦੇ ਹਨ ਪਰ ਖੰਡੇ-ਬਾਟੇ ਦੀ ਪਾਹੁਲ ਤੇ ਤਾਂ ਸਹਿਮਤੀ ਬਣ ਸਕਦੀ ਹੈ ਚਾਹੇ ਕੋਈ ਕਿਸੇ ਵੀ ਮਰਯਾਦਾ ਨੂੰ ਮੰਨੇ। ਇਸ ਤੋਂ ਘੱਟ ਕਿਸੇ ਵੀ ਪੰਜ ਕਕਾਰੀ ਰਹਿਤ ਰੱਖਣ ਵਾਲੇ ਵਿਅਕਤੀ ਜਾਂ ਸੰਸਥਾ ਨਾਲ ਜਥੇਬੰਦਕ ਸਮਝੌਤਾ ਹੋਣਾ ਮੁਸ਼ਕਲ ਹੈ ਅਤੇ ਇਸ ਤੋਂ ਵੱਧ ਦੀ ਆਸ ਨਾਲ ਵਿਚਾਰਧਾਰਕ ਸਾਂਝ ਬਣ ਸਕਣੀ ਵੀ ਅਸੰਭਵ ਲਗਦੀ ਹੈ।

ਉਪਰ ਲਿੱਖੀ ਵਿਚਾਰ ਅਨੁਸਾਰ ਸਰਬੱਤ ਖ਼ਾਲਸਾ ਲਈ 'ਵੱਧ ਤੋਂ ਵੱਧ ਸਿਧਾਂਤਕ ਸਾਂਝ' ਇਹ ਹੈ:

*"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤਿ-ਸਰੂਪ ਦਸਾਂ ਜਾਮਿਆਂ ਦੀ ਨਿਰੰਤਰਤਾ ਅਤੇ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ ਰਖਣ ਵਾਲੇ ਦੁਨੀਆਂ ਭਰ ਦੇ ਗੁਰਸਿੱਖ ਇਸਤਰੀ-ਪੁਰਖਾਂ ਦੇ ਸਾਂਝੇ ਮੰਚ ਨੂੰ ਸਰਬੱਤ ਖਾਲਸਾ ਜਥੇਬੰਦੀ ਕਹਿੰਦੇ ਹਨ।"*

ਜਿਹੜੀਆਂ ਵੀ ਸਿੱਖ ਸੰਸਥਾਵਾਂ ਜਾਂ ਵਿਅਕਤੀ ਸਰਬੱਤ ਖ਼ਾਲਸਾ ਜਥੇਬੰਦੀ ਨਾਲ ਰਜਿਸਟਰ ਕਰਨਾ ਚਾਹੁੰਦੇ ਹਨ, ਉਹ ਆਨਲਾਈਨ ਫ਼ਾਰਮ ਰਾਹੀਂ ਉਪਰ ਲਿੱਖੀ ਸਿਧਾਂਤਕ ਸਾਂਝ ਨਾਲ ਖੁਦ ਨੂੰ ਸਵੈ-ਪ੍ਰਮਾਣਿਤ ਕਰਦੇ ਹਨ। ਜੋ ਵੀ ਮਤਭੇਦ ਹਨ ਉਹ ਇਸ ਸਿਧਾਂਤਕ ਸਾਂਝ ਤੇ ਸਹਿਮਤੀ ਬਣਾ ਕੇ ਦੂਰ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ।

**16. ਸਰਬੱਤ ਖ਼ਾਲਸਾ ਜਥੇਬੰਦੀ ਨਾਲ ਰਜਿਸਟਰ ਕਰਨ ਵਾਸਤੇ ਆਈਆਂ ਨਾਮਜ਼ਦਗੀਆਂ ਨੂੰ ਕੌਣ ਮਨਜ਼ੂਰ ਜਾਂ ਨਾਮਨਜ਼ੂਰ ਕਰਦਾ ਹੈ?**

ਵਿਧਾਨ ਦੀ ਧਾਰਾ ੩.੪ ਅਨੁਸਾਰ ਯੋਗਤਾ ਦੇ ਮਿਆਰ (ਹਵਾਲਾ: ਧਾਰਾ ੭) ਦੇ ਆਧਾਰ 'ਤੇ ਪੰਜ ਪ੍ਰਧਾਨੀ ਕੌਂਸਲ ਦੇ ਮੌਜੂਦਾ ਪੰਜ ਪਿਆਰੇ ਸਿੱਖ ਸੰਸਥਾਵਾਂ ਦੁਆਰਾ ਭੇਜੀਆਂ ਗਈਆਂ ਨਾਮਜ਼ਦਗੀਆਂ ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰਦੇ ਹਨ।

**17. ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰੇ ਕਿਵੇਂ ਚੁਣੇ ਜਾਂਦੇ ਹਨ?**

ਪੰਜ ਪ੍ਰਧਾਨੀ ਕੌਂਸਲ ਦੇ ਪੰਜ ਪਿਆਰਿਆਂ ਨੂੰ ਵਿਧਾਨ ਦੀ ਧਾਰਾ ੩.੭ ਅਨੁਸਾਰ ਚੁਣਿਆ ਜਾਂਦਾ ਹੈ ਜੋ ਦੁਨੀਆ ਭਰ ਤੋਂ ਸਰਬੱਤ ਖ਼ਾਲਸਾ ਪੰਚਾਇਤ ਦੇ ਨੁਮਾਇੰਦਿਆਂ ਵਿੱਚੋਂ ਹੀ ਹੋਣਗੇ ਅਤੇ ਉਨ੍ਹਾਂ ਦੇ ਕਾਰਜਕਾਲ ਦੀ ਮਿਆਦ ਪੰਜ ਸਾਲ ਹੈ, (ਸਰਬੱਤ ਖ਼ਾਲਸਾ ਪੰਚਾਇਤ ਦੇ ਨੁਮਾਇੰਦਿਆਂ ਨੂੰ ਚੁਣਨ ਦੀ ਪ੍ਰਕਿਰਿਆ ਸਵਾਲ ਨੰ 13 ਵਿੱਚ ਲਿੱਖੀ ਹੈ)। ਇਸ ਤਰਾਂ ਪੰਜ ਪਿਆਰੇ ਸੰਗਤ ਵੱਲੋਂ ਭੇਜੇ ਨੁਮਾਇੰਦਿਆਂ ਵਿੱਚੋਂ ਹੀ ਹੋਣਗੇ। ਜਦ ਤੱਕ ਸਰਬੱਤ ਖ਼ਾਲਸਾ ਪੰਚਾਇਤ ਦੇ ਨੁਮਾਇੰਦਿਆਂ ਦੀ ਨਾਮਜ਼ਦਗੀ ਪੂਰੀ ਨਹੀਂ ਹੁੰਦੀ, ਉਦੋਂ ਤੱਕ 'ਕਾਰਜਕਾਰੀ' ਪੰਜ ਪਿਆਰੇ ਜ਼ਿੰਮੇਵਾਰੀ ਨਿਭਾ ਰਹੇ ਹਨ। ਸਰਬੱਤ ਖ਼ਾਲਸਾ ਪੰਚਾਇਤ ਲਈ 14 ਮਾਰਚ 2025 ਤੱਕ 500 ਨੁਮਾਇੰਦੇ ਚੁਣੇ ਜਾਣ ਦਾ ਟੀਚਾ ਰੱਖਿਆ ਗਿਆ ਹੈ।

**18. ਸਰਬੱਤ ਖ਼ਾਲਸਾ ਜਥੇਬੰਦੀ ਇਹ ਕਿਵੇਂ ਯਕੀਨੀ ਬਣਾ ਸਕੇਗੀ ਕਿ ਫ਼ੈਸਲੇ ਧੜੇਬੰਦੀ ਦੇ ਅਸਰ ਹੇਠ ਨਾ ਆਉਣ?**

ਇਹ ਸਹੀ ਹੈ ਕਿ ਹਰ ਵਿਅਕਤੀ ਕਿਸੇ ਨਾ ਕਿਸੇ ਵਿਚਾਰ, ਧਾਰਨਾ ਜਾਂ ਧੜੇ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ ਅਤੇ ਉਹ ਗੁਰਮਤਿ ਨੂੰ ਉਸੇ ਨਜ਼ਰਿਏ ਤੋਂ ਦੇਖਦਾ ਹੈ। ਵਿਅਕਤੀ ਵਿਸ਼ੇਸ਼ ਦੀ ਹਉਮੈ ਵਿੱਚੋਂ ਉਪਜੀ ਇਸ ਕਮਜ਼ੋਰੀ ਨੂੰ ਦੂਰ ਕਰਨ ਵਾਸਤੇ ਸਰਬੱਤ ਖ਼ਾਲਸਾ ਜਥੇਬੰਦੀ ਦੇ ਵਿਧਾਨ ਵਿੱਚ ਹੇਠ ਲਿੱਖੇ ਨੁਕਤੇ ਹਨ:

੧) ਕੋਈ ਵੀ ਇੱਕ ਸੰਸਥਾ ਦੂਜੇ ਨਾਲੋਂ ਵਧ ਪ੍ਰਭਾਵ ਨਾ ਪਾ ਸਕੇ ਇਸ ਵਾਸਤੇ ਹਰ ਕਿਸੇ ਨੂੰ ਵੱਧ ਤੋਂ ਵੱਧ ਦੋ ਨੁਮਾਇੰਦੇ ਭੇਜਨ ਦਾ ਵਿਧਾਨ ਹੈ (ਧਾਰਾ੩.੩)।

੨) ਪੰਜ ਪਿਆਰਿਆਂ ਦੀ ਨਿਯੁਕਤੀ ਕਿਸੇ ਇੱਕ ਧਿਰ ਅਧੀਨ ਨਾ ਹੋਵੇ ਇਸ ਵਾਸਤੇ ਵੱਖ-ਵੱਖ ਖਿੱਤੇ ਅਤੇ ਕਿੱਤੇ ਦੇ ੨੫ ਗੁਰਸਿੱਖ ਕੋਰ ਕਮੇਟੀ ਦੇ ਮੈਂਬਰ, ਪੰਜ ਪਿਆਰਿਆਂ ਦੇ ਨਾਮ ਤੇ ਸਰਬ-ਸੰਮਤੀ ਬਨਾਉਣਗੇ। ਇਹ ਪੰਜ ਪਿਆਰਿਆਂ ਵਿੱਚੋਂ ਦੋ ਪੰਜਾਬ ਤੋਂ, ਇੱਕ ਬਾਕੀ ਭਾਰਤ ਤੋਂ, ਇੱਕ ਜੀ੭ ਦੇਸ਼ਾਂ ਵਿੱਚੋਂ, ਅਤੇ ਇੱਕ ਬਾਕੀ ਦੁਨੀਆ ਤੋਂ ਹੋਣਗੇ (ਧਾਰਾ: ੩.੭)। ਨਿਯੁਕਤੀ ਵਾਸਤੇ ਜ਼ਿਆਦਾ ਮਾਪਦੰਡ ਪਰਿਭਾਸ਼ਿਤ ਕਰਨ ਨਾਲ ਪੱਖਪਾਤ ਅਤੇ ਧੜੇਬੰਦੀ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ।

੩) ਪੰਥਕ ਮਤੇ ਲਈ ਪ੍ਰਕਿਰਿਆ ਦੀ ਤਰਤੀਬ ਵਿਧਾਨ ਵਿੱਚ ਪਰਿਭਾਸ਼ਿਤ ਹੈ ਜਿਸਦੀ ਪਾਲਣਾ ਅਧੀਨ ਹੀ ਪੰਜ ਪਿਆਰੇ ਕਾਰਜ ਕਰਨਗੇ (ਧਾਰਾ ੫)।

**19. ਸਰਬੱਤ ਖ਼ਾਲਸਾ ਜਥੇਬੰਦੀ ਕਿਹੜੇ ਕਾਰਜ ਕਰੇਗੀ?**

ਸਰਬੱਤ ਖ਼ਾਲਸਾ ਜਥੇਬੰਦੀ ਹੇਠ ਲਿੱਖੇ ਉਦੇਸ਼ ਅਨੁਸਾਰ ਕਾਰਜ ਕਰੇਗੀ:

ਗੁਰਮਤਿ ਦੁਆਰਾ ਬਖਸ਼ੀ ਸਰਬਪੱਖੀ ਜੀਵਨ-ਜੁਗਤ ਨੂੰ ਦ੍ਰਿੜ੍ਹ ਕਰਨ ਤੇ ਕਰਾਉਣ ਲਈ ਸਦਾ ਸਰਗਰਮ ਰਹਿਣਾ। ਸਿੱਖਾਂ ਨੂੰ ਦਰਪੇਸ਼ ਹਰ ਖੇਤਰ ਦੀਆਂ ਸਮੱਸਿਆਵਾਂ ਦਾ ਸੰਸਾਰ ਪੱਧਰੀ ਹੱਲ ਲੱਭਣ ਲਈ ਕਾਰਜਸ਼ੀਲ ਰਹਿਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ, ਸਿੱਖਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਹਮੇਸ਼ਾਂ ਸਮਰਪਿਤ ਰਹਿਣਾ। (ਧਾਰਾ: ੨)

ਮੌਜੂਦਾ 'ਕਾਰਜਕਾਰੀ' ਪਰਬੰਧਨ ਦਾ ਕਾਰਜ ਖੇਤਰ, ਵਿਧਾਨ ਅਨੁਸਾਰ ਜਥੇਬੰਦੀ ਦੀ ਉਸਾਰੀ ਕਰਨਾ ਹੈ। ਕੌਮੀ ਕਾਰਜਾਂ ਬਾਰੇ ਰੂਪ ਰੇਖਾ ਸਰਬੱਤ ਖ਼ਾਲਸਾ ਜਥੇਬੰਦੀ ਦੇ ਮੈਂਬਰਾਂ ਨੇ ਉਸਾਰੀ ਉਪਰੰਤ ਆਪ ਕਰਨਾ ਹੈ। ਐਸੇ ਬਹੁਤ ਗੰਭੀਰ ਕੌਮੀ ਕਾਰਜ ਹਨ ਜਿਨ੍ਹਾਂ ਨੂੰ ਸਰਬੱਤ ਖ਼ਾਲਸਾ ਜਥੇਬੰਦੀ ਪ੍ਰਮੁੱਖਤਾ ਨਾਲ ਕਰਨ ਲਈ ਯਤਨਸ਼ੀਲ ਹੋਵੇਗੀ, ਜਿਵੇਂ ਕੀ:

੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਤਾਰਿਆਂ ਅਥਵਾ ਛਪਾਈ ਦੌਰਾਨ ਆਏ ਪਾਠ-ਭੇਦਾਂ ਨੂੰ ਵਿਚਾਰ ਕੇ ਮੂਲ ਪਾਠ ਨੂੰ ਉਜਾਗਰ ਕਰਨਾ।

੨) ਵੱਖ-ਵੱਖ ਇਤਿਹਾਸਕ ਸਰੋਤਾਂ ਦਾ ਅਧਿਅਨ ਕਰਕੇ ਖੋਜ ਭਰਪੂਰ ਸਿੱਖ ਇਤਿਹਾਸ ਪੰਥ ਦੀ ਝੋਲੀ ਪਾਉਣਾ।

੩) ਸਿੱਖ ਕੌਮ ਦੀ ਨਵੀਂ ਪੀੜ੍ਹੀ (ਬੱਚਿਆਂ, ਕਿਸ਼ੋਰ ਅਵਸਥਾ ਅਤੇ ਨੌਜਵਾਨਾਂ ਨੂੰ) ਸਿੱਖੀ ਨਾਲ ਜੋੜਨ ਲਈ ਸੰਗਠਿਤ ਪ੍ਰਚਾਰ ਦੀ ਯੋਜਨਾਂ ਉਲੀਕਣੀ।

੪) ਬੱਚੀਆਂ, ਨੌਜਵਾਨਾਂ ਧੀਆਂ-ਭੈਣਾਂ ਅਤੇ ਸਿੱਖ ਬੀਬੀਆਂ ਅੰਦਰ ਸਿੱਖ ਨਾਰੀ ਚੇਤਨਾ ਨੂੰ ਉਭਾਰਨਾ।

੫) ਕੌਮ ਦੀ ਚੜ੍ਹਦੀ ਕਲਾ ਲਈ ਦੁਨੀਆਂ ਭਰ ਦੀਆਂ ਸਿੱਖ ਸੰਸਥਾਵਾਂ ਅਤੇ ਸਿੱਖਾਂ ਦੀ ਮੁਹਾਰਤ ਨੂੰ ਇੱਕ ਮੰਚ ਤੇ ਇਕੱਠਾ ਕਰਨਾ।

## ਸਰਬੱਤ ਖ਼ਾਲਸਾ ਦੇ ਸੰਕਲਪ ਦੇ ਅਧਾਰ ਅਨੁਸਾਰ ਵਿਧਾਨ ਬਣਿਆ ਹੈ ਅਤੇ ਇਸ ਵਿਧਾਨ ਅਨੁਸਾਰ ਜਥੇਬੰਦੀ ਦੀ ਪ੍ਰਸਤਾਵਿਤ ਬਣਤਰ




ਸਰਬੱਤ ਖਾਲਸਾ ਜਥੇਬੰਦੀ ਦਾ ਵਿਧਾਨ ਜਾਣਨ ਅਤੇ ਸਰਬੱਤ ਖਾਲਸਾ ਜਥੇਬੰਦੀ ਨਾਲ ਜੁੜਨ ਲਈ ਦੇਖੋ: https://sarbatkhalsa.world

**ਸਿੱਖ ਸੰਸਥਾਵਾਂ, ਹੇਠਾਂ ਦਰਜ ਫਾਰਮ ਰਾਹੀਂ ਸਰਬੱਤ ਖ਼ਾਲਸਾ ਜਥੇਬੰਦੀ ਨਾਲ ਰਜਿਸਟਰ ਕਰਨ:**

(ਫਾਰਮ ਔਨਲਾਈਨ ਵੀ ਉਪਲੱਬਧ ਹੈ: https://sarbatkhalsa.world/pa/register)

| | | |
|---|---|---|
| **ਸਿੱਖ ਸੰਸਥਾ ਦਾ ਨਾਮ:** **Sikh Organization Name:** | | |
| **ਸੰਸਥਾ ਦਾ ਪੂਰਾ ਪਤਾ:** **Complete Address:** | | |
| **ਸੰਸਥਾ ਦੀ ਵੈੱਬਸਾਈਟ (ਜੇਕਰ ਹੈ):** **Website Address (if available):** | | |
| **ਸੰਸਥਾ ਬਾਰੇ ਸੰਖੇਪ ਜਾਣਕਾਰੀ:** **Brief About Organization:** | | |
| | **ਪਹਿਲਾ ਵਿਅਕਤੀ** **1st Contact Person** | **ਦੂਜਾ ਵਿਅਕਤੀ** **2nd Contact Person** |
| **ਸੰਪਰਕ ਵਿਅਕਤੀ ਦਾ ਨਾਮ:** **Contact Person Name:** | | |
| **ਸੰਸਥਾ ਵਿੱਚ ਜ਼ਿੰਮੇਵਾਰੀ:** **Role in the Organization:** | | |
| **ਫ਼ੋਨ ਨੰਬਰ (ਦੇਸ਼ ਦੇ ਕੋਡ ਨਾਲ):** **Phone Number (with country code):** | | |
| **ਈ-ਮੇਲ:** **E-mail:** | | |

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸਾਡੀ ਸਿੱਖ ਸੰਸਥਾ ਵਿਧਾਨ ਦੀ ਧਾਰਾ 6 ਵਿੱਚ ਦਰਜ ਯੋਗਤਾ ਦੇ ਮਿਆਰ ਨੂੰ ਪੂਰਾ ਕਰਦੀ ਹੈ, ਜੋ ਇਸ ਤਰਾਂ ਹੈ:

੬.੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲਿਆਂ, ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਅਤੇ ਖੰਡੇ-ਬਾਟੇ ਦੀ ਪਾਹੁਲ ਤੇ ਪੂਰਨ ਨਿਸ਼ਚਾ ਰੱਖਣ ਵਾਲੀਆਂ ਸਿੱਖ ਸੰਸਥਾਂਵਾਂ ਅਤੇ ਪ੍ਰਬੰਧਕ ਕਮੇਟੀਆਂ।

੬.੨: ਉਹ ਸਿੱਖ ਸੰਸਥਾਂਵਾ ਜਾਂ ਪ੍ਰਬੰਧਕ ਕਮੇਟੀਆਂ ਜਿਸਦੇ ਪ੍ਰਬੰਧਕੀ ਢਾਂਚੇ ਜਾਂ ਮੁਖੀ ਨੂੰ ਬਿਨਾਂ ਰਾਜਸੀ ਦਖਲਅੰਦਾਜ਼ੀ ਦੇ ਉਸ ਨਾਲ ਜੁੜੀ ਸਿੱਖ ਸੰਗਤ ਨਿਰਧਾਰਤ ਨਿਯਮਾਂ ਅਨੁਸਾਰ ਚੁਣਦੀ ਹੈ।

**Date:** **ਨਾਮ ਅਤੇ ਦਸਤਖ਼ਤ (Name & Signature)**

**ਉਹ ਵਿਅਕਤੀ ਫ਼ਾਰਮ ਭਰੋ ਜੋ ਕਿਸੇ ਸੰਸਥਾ ਨਾਲ ਨਹੀਂ ਜੁੜੇ ਪਰ ਉਹਨਾ ਸਿੱਖ ਸਮਾਜ ਲਈ ਕੋਈ ਉੱਘਾ ਯੋਗਦਾਨ ਪਾਇਆ ਹੈ:**

| | |
|---|---|
| **ਨਾਮ:**<br>**Name:** | |
| **ਲਿੰਗ:**<br>**Gender:** | |
| **ਫ਼ੋਨ ਨੰਬਰ (ਦੇਸ਼ ਦੇ ਕੋਡ ਨਾਲ):**<br>**Phone No. (with country code):** | |
| **ਈ-ਮੇਲ:**<br>**E-mail:** | |
| **ਪੂਰਾ ਪਤਾ:**<br>**Complete Address:** | |
| **ਸੋਸ਼ਲ ਮੀਡੀਆ ਜਾਂ ਵੈਬਸਾਈਟ ਪਤਾ: Social Media or Web-site Address:** | |
| **ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ ਆਪਣੀ ਨਿਪੁੰਨਤਾ ਚੁਣੋ:**<br>**Select your expertise from the given options:** | ਗੁਰਬਾਣੀ ਵਿਆਖਿਆਕਾਰ, ਗੁਰਮਤਿ ਸੰਗੀਤ, ਸਿੱਖ ਚਿੰਤਕ (ਇਤਿਹਾਸਕਾਰ ਅਤੇ ਲੇਖਕ), ਮਨੁੱਖਤਾ ਦੇ ਸੇਵਾਦਾਰ, ਪਛੜੇ ਵਰਗ ਦੇ ਸਿੱਖਾਂ ਦੇ ਕਾਰਕੁੰਨ, ਪੱਤਰਕਾਰ, ਮਨੁੱਖੀ ਅਧਿਕਾਰਾਂ ਦੇ ਵਕੀਲ / ਜੱਜ, ਮਹਿਲਾ ਅਧਿਕਾਰ ਕਾਰਕੁੰਨ, ਵਾਤਾਵਰਣਵਾਦੀ, ਕਿਸਾਨ ਮਜ਼ਦੂਰ ਕਾਰਕੁੰਨ, ਸਿੱਖ ਅਕਾਦਮਿਕ ਜਾਂ ਵਿਗਿਆਨੀ, ਨਵੇਂ ਯੁੱਗ ਦੇ ਤਕਨਾਲੋਜੀ ਮਾਹਰ, ਸਿਆਸੀ ਜਾਂ ਭੂ-ਰਾਜਨੀਤਿਕ ਵਿਸ਼ਲੇਸ਼ਕ, ਵਿੱਤੀ ਮਾਹਰ, ਖੇਡਾਂ ਜਾਂ ਗਤਕਾ ਮਾਹਿਰ |
| **ਸਿੱਖ ਕੌਮ ਲਈ ਤੁਹਾਡੇ ਯੋਗਦਾਨ ਬਾਰੇ ਸੰਖੇਪ ਵੇਰਵਾ:**<br>**Brief Description about your contribution towards Sikhi:** | |

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਵਿਧਾਨ ਦੀ ਧਾਰਾ ੭ ਵਿੱਚ ਦਰਜ ਯੋਗਤਾ ਦੇ ਮਿਆਰ ਨੂੰ ਪੂਰਾ ਕਰਦੀ/ ਕਰਦਾ ਹਾਂ, ਜੋ ਇਸ ਤਰਾਂ ਹੈ:

੭.੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੂਰਾ ਗੁਰੂ ਮੰਨਣ ਵਾਲੇ, ਦਸ ਗੁਰੂ ਸਾਹਿਬਾਨ ਦੀ ਨਿਰੰਤਰਤਾ ਤੇ ਪੂਰਨ ਨਿਸ਼ਚਾ ਰਖਣ ਵਾਲੇ ਅਤੇ ਖੰਡੇ-ਬਾਟੇ ਦੀ ਪਾਹੁਲ ਦੇ ਧਾਰਨੀ ਸਿੰਘ ਜਾਂ ਸਿੰਘਣੀਆਂ।

੭.੨: ਸਿੰਘ ਜਾਂ ਸਿੰਘਣੀ ਟੇਬਲ-੨ ਵਿੱਚ ਨਿਰਧਾਰਤ ਕਿਸੇ ਨਾ ਕਿਸੇ ਨਿਰਧਾਰਤ ਕਿੱਤੇ ਵਿੱਚ ਨਿਪੁੰਨਤਾ ਰੱਖਦਾ / ਰੱਖਦੀ ਹੋਵੇ।

੭.੩: ਨਾਮਜ਼ਦ ਉਮੀਦਵਾਰ ਕਿਸੇ ਰਾਜਨੀਤਕ ਪਾਰਟੀ ਦਾ ਅਹੁਦੇਦਾਰ ਨਾ ਹੋਵੇ।

(ਨਾਮਜ਼ਦ ਵਿਅਕਤੀਆ ਕੋਲ ਨਿਮਰਤਾ ਦੇ ਨਾਲ ਨਾਲ ਨਿਰਭਉ ਅਤੇ ਨਿਰਵੈਰਤਾ ਵਾਲ਼ੇ ਗੁਣਾਂ ਦੁਆਰਾ ਅਗਵਾਈ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ।)

**Date:** **ਨਾਮ ਅਤੇ ਦਸਤਖ਼ਤ (Name & Signature)**